ਇਸੇ ਤਰ੍ਹਾਂ ਮੈਨੂੰ ਭਾਰਤੀ ਵਿਦੇਸ਼ ਸੇਵਾ ਵਿਚ ਰਹੇ ਸ. ਹਰਿੰਦਰ ਸਿੰਘ ਨਾਰਵੇ ਵਲੋਂ ਬਿਆਨ ਕੀਤੀ ਆਪਣੀ ਉਦੋਂ ਦੀ ਮਾਨਸਿਕ ਸਥਿਤੀ ਵੀ ਯਾਦ ਹੈ ਕਿ 'ਨਾਰਵੇ ਵਿਚ ਭਾਰਤ ਦਾ ਸਫੀਰ ਹੁੰਦਿਆਂ ਜਦ ਮੈਨੂੰ ਪਤਾ ਲਗਾ ਕਿ ਉਸ ਦਰਬਾਰ ਸਾਹਿਬ 'ਤੇ ਫੌਜਾਂ ਚੜ ਆਈਆਂ ਤਾਂ ਮੇਰਾ ਹਿਰਦਾ ਵਲੂੰਧਰਿਆ ਗਿਆ ਕਿ ਜਿਥੇ ਮੈਂ ਅਰਦਾਸਾਂ ਕਰ-ਕਰ ਸਫਲਤਾ ਦੇ ਇਸ ਸਿਖਰਲੇ ਮੁਕਾਮ 'ਤੇ ਪਹੁੰਚਿਆਂ, ਉਸ ਨੂੰ ਹੀ ਢਾਹ ਦਿੱਤਾ ਗਿਆ। ਮੈਂ ਤੁਰੰਤ ਭਾਰਤ ਦੀ ਨੌਕਰੀ ਨੂੰ ਲੱਤ ਮਾਰ ਕੇ ਅਖ਼ਬਾਰਾਂ ਵੇਚ ਕੇ ਆਪਣਾ ਗੁਜਾਰਾ ਚਲਾਉਣ ਵਿਚ ਖੁਸ਼ੀ ਹਾਸਲ ਕੀਤੀ।' ਇਸੇ ਮਨੋਦਸ਼ਾ ਅਧੀਨ ਸ. ਹਰਿੰਦਰ ਸਿੰਘ ਸਣੇ ਹੋਰ ਵੀ ਉੱਚ ਅਹੁਦਿਆਂ 'ਤੇ ਬੈਠੇ ਸਿੱਖ ਸਖਸ਼ਾਂ ਨੇ ਆਪਣੇ-ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ। ਇਸ ਤੋਂ ਇਲਾਵਾ ਭਾਰਤੀ ਹਕੂਮਤ ਦੇ ਇਸ ਮਹਾਂ ਜੁਰਮ ਵਿਰੁੱਧ ਅਨੇਕਾਂ ਉਚ ਸਿੱਖ ਸ਼ਖਸੀਅਤਾਂ ਨੇ ਭਾਰਤ ਵਲੋਂ ਮਿਲੇ ਖ਼ਿਤਾਬ ਵਾਪਸ ਕਰ ਦਿੱਤੇ ਜਿਨ੍ਹਾਂ ਵਿਚੋਂ ਖੁਸ਼ਵੰਤ ਸਿੰਘ, ਡਾ. ਸਾਧੂ ਸਿੰਘ ਹਮਦਰਦ, ਭਗਤ ਪੂਰਨ ਸਿੰਘ ਪਿੰਗਲਵਾੜਾ ਦੇ ਨਾਂਅ ਮੁੱਖ ਤੌਰ 'ਤੇ ਵਰਨਣਯੋਗ ਹਨ। ਫਿਰ ਭਾਰਤੀ ਫੌਜ ਵਿਚ ਮੌਜੂਦ ਸਿੱਖਾਂ ਨੇ ਵੀ ਆਪਣੇ ਗੁਰੂ ਦੇ ਪਾਵਨ ਬਚਨ 'ਜੇ ਜੀਵੈ ਪਤਿ ਲਥੀ ਜਾਇ, ਸਭ ਹਰਾਮ ਜੇਤਾ ਕਿਛ ਖਾਇ॥' ਤੇ ਫੁੱਲ ਚੜ੍ਹਾਉਂਦਿਆਂ ਬਗਾਵਤ ਕਰ ਦਿੱਤੀ। ਸਿੱਖਾਂ ਨੂੰ ਇਹ ਅਫਸੋਸ ਹੋਣ ਲੱਗਾ ਕਿ ਜਿਸ ਦੇਸ਼ ਦੀ ਆਜ਼ਾਦੀ ਖਾਤਰ ਅਸੀਂ 90 ਫੀਸਦੀ ਕੁਰਬਾਨੀਆਂ ਦਿੱਤੀਆਂ, ਜਿਸ ਦੀ ਏਕਤਾ ਤੇ ਅਖੰਡਤਾ ਨੂੰ ਮਹਿਫੂਜ਼ ਰੱਖਣ ਲਈ ਲੜਾਈਆਂ ਵਿਚ ਸੀਨੇ 'ਤੇ ਗੋਲੀਆਂ ਖਾਧੀਆਂ, ਜਿਸ ਦੇ ਆਗੂਆਂ ਦੇ ਸੰਤਾਲੀ ਵੇਲੇ ਕੀਤੇ ਵਾਅਦਿਆਂ 'ਤੇ ਅੱਖਾਂ ਮੀਟ ਕੇ ਯਕੀਨ ਕੀਤਾ, ਉਨ੍ਹਾਂ ਨੇ ਸਾਡਾ ਇਹ ਮੁੱਲ ਪਾਇਆ? ਜੇ ਦਰਬਾਰ ਸਾਹਿਬ ਵਿਚੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਜਾਂ ਉਨਾਂ ਦੇ ਸਾਥੀਆਂ ਨੂੰ ਹੀ ਬਾਹਰ ਕੱਢਣਾ ਸੀ ਤਾਂ ਏਡੇ ਵੱਡੇ ਫੌਜੀ ਹਮਲੇ ਦੀ ਕੀ ਲੋੜ ਸੀ?

ਇਸ ਹਮਲੇ ਲਈ ਸਮਾਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੀ ਕਿਉਂ ਚੁਣਿਆ ਗਿਆ ਜਦੋਂ ਦਰਬਾਰ ਸਾਹਿਬ ਅੰਦਰ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਜੁੜੀਆਂ ਹੁੰਦੀਆਂ ਹਨ? ਬਿਲਕੁਲ ਇਸੇ ਹੀ ਸਮੇਂ ਦਰਬਾਰ ਸਾਹਿਬ ਤੋਂ ਇਲਾਵਾ ਹੋਰਾਂ ਮੁੱਖ ਇਤਿਹਾਸਕ ਗੁਰਧਾਮਾਂ 'ਤੇ ਫੌਜੀ ਕਾਰਵਾਈ ਕਿਉਂ ਕੀਤੀ ਗਈ? ਲਗਭਗ 6 ਮਹੀਨੇ ਪਹਿਲਾਂ ਦੇਹਰਾਦੂਨ ਨੇੜੇ ਦਰਬਾਰ ਸਾਹਿਬ ਨਾਲ ਮਿਲਦੀ-ਜੁਲਦੀ ਇਮਾਰਤ ਬਣਾ ਕੇ ਇਸ ਉਤੇ ਧਾਵਾ ਬੋਲਣ ਦਾ ਫੌਜ ਨੂੰ ਉਚੇਚਾ ਅਭਿਆਸ ਕਿਉਂ ਕਰਵਾਇਆ ਗਿਆ, ਜਦੋਂ ਕਿ ਉਦੋਂ ਤਾਂ ਅਕਾਲ ਤਖ਼ਤ ਸਾਹਿਬ ਵਿਖੇ ਖਾੜਕੂਆਂ ਦੀ ਕੋਈ ਮੋਰਚਾਬੰਦੀ ਨਹੀਂ ਹੋਈ ਸੀ, ਜਿਸ ਨੂੰ ਬਹਾਨਾ ਬਣਾ ਕੇ ਸਰਕਾਰ ਨੇ ਇਹ ਹਮਲਾ ਕੀਤਾ? ਭਾਰਤੀ ਫੌਜ ਦਾ ਸਿੱਖਾਂ ਦੇ ਇਤਿਹਾਸਿਕ ਤੇ ਧਾਰਮਿਕ ਗ੍ਰੰਥਾਂ, ਦੁਰਲੱਭ ਹੱਥ ਲਿਖਤ ਬੀੜਾਂ ਤੇ ਖਰੜਿਆਂ ਤੇ ਅਨਮੋਲ ਸਿੱਖ ਸਾਹਿਤ ਤੇ ਵਿਰਾਸਤ ਸਾਂਭੀ ਬੈਠੀ ਸਿੱਖ ਰੈਫਰੈਂਸ ਲਾਇਬਰੇਰੀ ਨਾਲ ਕੀ ਵੈਰ ਸੀ, ਜਿਸ ਨੂੰ ਇਸ ਮੌਕੇ ਸੁਚੇਤ ਤੌਰ 'ਤੇ ਅਤੇ ਬੇਕਿਰਕੀ ਨਾਲ ਸਾੜ ਦਿੱਤਾ ਗਿਆ?

ਇਸ ਮੌਕੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਮ ਸਿੱਖ ਸੰਗਤ ਦਾ ਕੀ ਕਸੂਰ ਸੀ ਜਿਸ ਉਤੇ ਭਾਰਤੀ ਫੌਜ ਨੇ ਅਜਿਹੇ ਜ਼ੁਲਮ ਢਾਹੇ ਕਿ ਅੰਗਰਜ਼ਾਂ ਤੇ ਮੁਗਲਾਂ ਨੂੰ ਵੀ ਮਾਤ ਪਾ ਦਿੱਤੀ? ਕੀ ਇਹ ਭਾਰਤ ਵਿਚ ਸਿੱਖਾਂ ਨੂੰ ਕੋਈ ਵੱਡਾ 'ਸਬਕ' ਸਿਖਾਉਣ ਦੀ ਸਾਜਿਸ਼ ਸੀ? ਕਿਸੇ ਵਿਦਵਾਨ ਨੇ ਕਿਹਾ ਹੈ ਕਿ ਕੋਈ ਰਾਜਾ ਆਪਣੀ ਕਿਸੇ ਉਚੇਚੀ ਕਾਰਵਾਈ ਵਿਚ ਉਦੋਂ ਤੱਕ ਪੂਰੀ ਤਰ੍ਹਾਂ ਕਾਮਯਾਬੀ ਨਹੀਂ ਹਾਸਲ ਕਰ ਸਕਦਾ, ਜਦੋਂ ਤੱਕ ਉਸਦੀ ਪਰਜਾ ਦਾ ਉਸ ਨੂੰ ਲੋੜੀਂਦਾ ਸਮਰਥਨ ਹਾਸਲ ਨਾ ਹੋਵੇ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਇਸ ਹਮਲੇ ਤੋਂ ਬਾਅਦ ਰਾਜੇ (ਕਾਂਗਰਸ) ਨੂੰ ਚੋਣਾਂ ਵਿਚ ਪੂਰੇ ਭਾਰਤ ਵਿਚ ਪਰਜਾ ਦੇ ਮਿਲੇ ਰਿਕਾਰਡ ਤੋੜ ਸਮਰਥਨ ਦੇ ਕੀ ਅਰਥ ਨਿਕਲਦੇ ਹਨ? (ਸਪੱਸ਼ਟ ਹੈ ਕਿ ਭਾਰਤ ਦੀ ਬਹੁਗਿਣਤੀ ਇਸ ਫੌਜੀ ਕਾਰਵਾਈ ਦੇ ਹੱਕ ਵਿਚ ਸੀ।)

ਇਨ੍ਹਾਂ ਸਾਰੇ ਸਵਾਲਾਂ ਦੇ ਬਰਕਰਾਰ ਰਹਿਣ ਕਰਕੇ ਆਮ ਸਿੱਖ ਮਾਨਸਿਕਤਾ ਵਿਚ ਭਾਰਤ ਪ੍ਰਤੀ ਬੇਗਾਨਗੀ ਦੀ ਭਾਵਨਾ ਉਪਜਣੀ ਸੁਭਾਵਿਕ ਹੀ ਹੈ। ਪਰ ਸਿੱਖਾਂ ਦੀ ਇਸ ਮਾਨਸਿਕ ਵੇਦਨਾ ਤੇ ਸਮੁੱਚੇ ਵਰਤਾਰੇ ਨੂੰ ਅੱਜ ਤੱਕ ਵੀ ਸਮਝਣ ਦੀ ਇਮਾਨਦਾਰਾਨਾ ਕੋਸ਼ਿਸ਼ ਨਹੀਂ ਕੀਤੀ ਗਈ। ਭਾਰਤੀ ਨਿਜ਼ਾਮ ਦੇ ਪਹਿਰੇਦਾਰਾਂ ਨੇ ਤਾਂ ਕੀ ਕਰਨੀ ਸੀ, ਆਪਣੇ ਆਪ ਨੂੰ ਸਮਾਜਵਾਦੀ ਤੇ ਮਨੁੱਖਤਾਵਾਦੀ ਅਖਵਾਉਂਦੇ ਹਲਕਿਆਂ (ਖਾਸ ਕਰਕੇ ਸਿੱਖ ਪਰਿਵਾਰਾਂ ਵਿਚ ਜਨਮੇ ਤੇ ਪੰਜਾਬ ਨਾਲ ਸਬੰਧਤ) ਨੇ ਵੀ ਅਜਿਹਾ ਨਹੀਂ ਕੀਤਾ।

ਇਸ ਸਮੁੱਚੇ ਘਟਨਾਕ੍ਰਮ ਵਿਚ ਸਿੱਖਾਂ ਦੇ ਪੱਖ ਦੀ ਅਹਿਮੀਅਤ ਨੂੰ ਛਟਿਆਉਣ ਲਈ ਇਸ ਵਰਤਾਰੇ ਨੂੰ ਬੱਸ ਇਹਨਾਂ ਗੱਲਾਂ ਤੱਕ ਸੀਮਤ ਕਰਨ ਦੀ ਮਿਥ ਕੇ ਕੋਸ਼ਿਸ਼ ਕੀਤੀ ਗਈ ਕਿ 'ਸਿੱਖਾਂ ਦੇ ਇਸ ਸੰਘਰਸ਼ ਦਾ ਅਧਾਰ ਫਿਰਕੂ ਸੀ ਤੇ ਇਹ ਹਿੰਦੂਆਂ ਦੇ ਵਿਰੁੱਧ ਸੀ', 'ਭਿੰਡਰਾਂਵਾਲਾ ਕਾਂਗਰਸ ਦੀ ਹੀ ਦੇਣ ਸੀ ਤੇ ਜਦੋਂ ਉਹ ਉਸ ਦੇ ਵਿਰੁੱਧ ਹੋ ਗਿਆ ਤਾਂ ਕਾਂਗਰਸ ਨੇ ਉਸ ਨੂੰ ਮਾਰ ਦਿੱਤਾ', (ਭਾਰਤੀ ਕਮਿਊਨਿਸਟਾਂ ਅਨੁਸਾਰ) 'ਇਸ ਸਿੱਖ ਬਗਾਵਤ ਪਿੱਛੇ ਪਾਕਿਸਤਾਨ ਜ਼ਰੀਏ ਅਮਰੀਕਾ ਵਰਗੇ ਸਾਮਰਾਜੀ ਮੁਲਕਾਂ ਦਾ ਹੱਥ ਸੀ', 'ਇਹ ਬਗ਼ਾਵਤ ਸਿੱਖ ਭਾਈਚਾਰੇ ਦੀਆਂ ਸਮੂਹਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕਰਦੀ ਸੀ, ਸਗੋਂ ਕੁਝ ਕੁ ਤੱਤੇ ਤੇ ਫਿਰਕਾਪ੍ਰਸਤ ਅਨਸਰਾਂ ਦੀ ਦੇਣ ਸੀ' ਵਗੈਰਾ-ਵਗੈਰਾ। (ਵੈਸੇ ਕਈ ਸੁਹਿਰਦ ਤੇ ਨਿਰਪੱਖ ਮੰਨੇ ਜਾਂਦੇ ਮਨੁੱਖਤਾਵਾਦੀ ਹਲਕਿਆਂ ਵੱਲੋਂ ਇਸ ਵਰਤਾਰੇ ਦੀ ਵਿਆਖਿਆ ਭਾਰਤ ਦੇ ਅਧੂਰੇ ਸੰਘੀ ਢਾਂਚੇ 'ਚੋਂ ਨਿਕਲੀ ਸਮੱਸਿਆ ਦੇ ਤੌਰ 'ਤੇ ਵੀ ਕੀਤੀ ਜਾਂਦੀ ਹੈ ਤੇ ਵੱਡੀ ਹੱਦ ਤੱਕ ਇਹ ਗੱਲ ਠੀਕ ਵੀ ਹੈ ਪਰ ਇਸ ਵਰਤਾਰੇ ਦੀਆਂ ਹੋਰ ਵੀ ਕਈ ਸੂਖਮ ਪਰਤਾਂ ਹਨ ਜਿਨ੍ਹਾਂ ਨੂੰ ਫਰਾਖ਼ਦਿਲੀ ਨਾਲ ਵਾਚਣਾ ਜਰੂਰੀ ਹੈ।) ਅਜਿਹੇ ਪ੍ਰਾਪੇਗੰਡੇ ਨਾਲ ਭਾਰਤੀ ਵਿਵਸਥਾ ਦੀ ਹੀ ਖਾਸ ਪੈਂਤੜੇਬਾਜ਼ੀ ਨੂੰ ਬਲ ਮਿਲਿਆ ਜਿਸ ਦੇ ਤਹਿਤ ਉਹ ਨਾ ਸਿਰਫ ਇਸ ਹਮਲੇ ਲਈ ਸਾਰੀ ਜ਼ਿੰਮੇਵਾਰੀ ਸਿੱਖਾਂ ਸਿਰ ਸੁੱਟਦੀ ਰਹੀ ਹੈ, ਸਗੋਂ ਉਲਟਾ ਉਨਾਂ 'ਤੇ ਦੋਸ਼ ਮੜਨ ਤੇ ਉਨ੍ਹਾਂ ਨੂੰ ਬਦਨਾਮ ਕਰਨ ਦੇ ਅਮਲਾਂ 'ਤੇ ਵੀ ਚਲਦੀ ਰਹੀ ਹੈ।

ਵੈਸੇ ਭਾਰਤੀ ਵਿਵਸਥਾ ਨੇ ਆਪਣੀ ਰਣਨੀਤੀ ਨੂੰ ਕਾਮਯਾਬ ਬਣਾਉਣ ਲਈ ਮੀਡੀਆ ਨੂੰ ਸਭ ਤੋਂ ਵੱਡੇ ਸੰਦ ਵਜੋਂ ਵਰਤਿਆ ਤੇ ਕੁਝ-ਇਕ ਅਦਾਰਿਆਂ ਨੂੰ ਛੱਡ ਕੇ ਭਾਰਤੀ ਮੀਡੀਆ ਨੇ ਉਸ ਦੀ ਇਸ ਮੁਹਿੰਮ ਵਿਚ ਭਰਪੂਰ ਸਾਥ ਆਪਣਾ ਪਰਮ ਧਰਮ ਸਮਝ ਕੇ ਦਿੱਤਾ। ਬਹੁਤੇ ਮੀਡੀਆ ਅਦਾਰੇ ਪੱਤਰਕਾਰੀ ਦੇ ਨਿਰਪੱਖਤਾ ਦੇ ਮੁਢਲੇ ਅਸੂਲਾਂ ਨੂੰ ਛਿੱਕੇ ਟੰਗਦਿਆਂ ਸਰਕਾਰੀ ਧਿਰ ਦੇ ਹੱਕ ਵਿਚ ਭੁਗਤੇ। ਜਿਥੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੌਰਾਨ ਵੱਖ-ਵੱਖ ਮੀਡੀਆ ਅਦਾਰਿਆਂ ਵਲੋਂ ਤਾਇਨਾਤ ਪੱਤਰਕਾਰਾਂ 'ਚੋਂ ਅਨੇਕਾਂ ਭਾਰਤੀ ਖੂਫੀਆ ਏਜੰਸੀਆਂ ਨਾਲ ਮਿਲੇ ਹੋਏ ਸਨ ਤੇ ਸਰਕਾਰ ਦੀ ਮੁਖ਼ਬਰੀ ਕਰਦੇ ਸਨ, ਉਥੇ ਸੰਪਾਦਕੀ ਪੱਧਰ 'ਤੇ ਵੀ ਸਰਕਾਰ ਨੂੰ ਕਲੀਨ ਚਿੱਟ ਦੇਣ ਦਾ ਵਤੀਰਾ ਅਪਣਾਇਆ ਜਾਂਦਾ ਰਿਹਾ ਹੈ ਤੇ ਭਾਰਤ ਦੀ ਏਕਤਾ-ਅਖੰਡਤਾ ਦੇ ਨਾਂਅ 'ਤੇ ਸਰਕਾਰ ਦੇ ਹਰ ਨਜਾਇਜ ਅਮਲ ਨੂੰ ਨਿਆਂਸੰਗਤ ਠਹਿਰਾਇਆ ਜਾਂਦਾ ਰਿਹਾ ਹੈ। ਵੈਸੇ ਤਾਂ ਇਸ ਦੀਆਂ ਕਈ ਵੱਡੀਆਂ ਤੇ ਪ੍ਰਤੱਖ ਮਿਸਾਲਾਂ ਸਾਡੇ ਕੋਲ ਮੌਜੂਦ ਹਨ ਪਰ ਮੈਂ ਇਕ ਅਣਗੌਲ਼ੀ ਤੇ ਸੂਖਮ ਮਿਸਾਲ ਦਾ ਜਿਕਰ ਕਰਨਾ ਚਾਹਾਂਗਾ। ਸਰਕਾਰ ਵੱਲੋਂ ਇਸ ਫੌਜੀ ਕਾਰਵਾਈ ਨੂੰ ਆਪਣੀ ਵਿਸ਼ੇਸ਼ ਰਣਨੀਤਕ ਪੈਂਤੜੇਬਾਜ਼ੀ ਤਹਿਤ 'ਆਪ੍ਰੇਸ਼ਨ ਬਲੂ ਸਟਾਰ' ਦਾ ਨਾਂਅ ਦਿੱਤਾ ਗਿਆ ਤੇ ਸਿੱਖ ਪ੍ਰਭਾਵ ਵਾਲੀਆਂ ਕਈ ਪੰਜਾਬੀ ਅਖ਼ਬਾਰਾਂ ਨੇ ਇਸ ਨਾਂਅ ਦੇ ਪੰਜਾਬੀਕਰਨ ਵੇਲੇ ਸਿੱਖ ਇਤਿਹਾਸ ਵਿਚੋਂ ਸਾਕਾ ਸ਼ਬਦ ਲੈ ਕੇ ਸਿੱਖ ਭਾਵਨਾਵਾਂ ਦਾ ਧਿਆਨ ਰੱਖਦਿਆਂ ਇਸ ਨੂੰ 'ਸਾਕਾ ਨੀਲਾ ਤਾਰਾ' ਬਣਾ ਦਿੱਤਾ ਜੋ ਇਕ ਹੱਦ ਠੀਕ ਵੀ ਹੈ। ਦੇਖਾ-ਦੇਖੀ ਕਈ ਗੈਰ-ਸਿੱਖ ਅਖ਼ਬਾਰਾਂ ਨੇ ਵੀ ਇਹੀ ਸ਼ਬਦ ਅਪਣਾ ਲਿਆ ਪਰ ਪੰਜਾਬ ਦੀ ਇਕ ਖੱਬੇ-ਪੱਖੀ ਅਖ਼ਬਾਰ ਅਜੇ ਤੱਕ ਵੀ ਸਰਕਾਰ ਦੀਆਂ ਭਾਵਨਾਵਾਂ ਨੂੰ ਲੋਕਾਂ ਵਿਚ ਇੰਨ-ਬਿੰਨ ਪ੍ਰਚਾਰਨ ਲਈ 'ਆਪ੍ਰੇਸ਼ਨ ਬਲੂ ਸਟਾਰ' ਦਾ ਇੰਨ-ਬਿੰਨ ਤਰਜ਼ਮਾ 'ਨੀਲਾ ਤਾਰਾ ਕਰਵਾਈ' ਕਰਕੇ ਛਾਪਦੀ ਹੈ। ਇਸ ਤੋਂ ਇਲਾਵਾ, ਸਰਕਾਰੀ ਧਿਰ ਨੇ ਚਾਹੇ ਜਿੰਨੀ ਮਰਜੀ ਅੱਤ ਮਚਾਈ ਹੋਵੇ ਪਰ ਅੱਤਵਾਦੀ ਸਿਰਫ ਬਗਾਵਤ ਕਰਨ ਵਾਲੀ ਧਿਰ ਨੂੰ ਹੀ ਕਿਹਾ ਜਾਂਦਾ ਹੈ। ਇਸ ਕਿਸਮ ਦੇ ਹੋਰਾਂ ਘਟਨਾਕ੍ਰਮਾਂ ਦੀ ਤਰ੍ਹਾਂ ਇਸ ਘਟਨਾਕ੍ਰਮ ਪ੍ਰਤੀ ਵੀ ਨਿਰਪੱਖ ਪਹੁੰਚ ਉਹੀ ਮੰਨੀ ਜਾ ਸਕਦੀ ਹੈ ਜਿਸ ਤਹਿਤ ਮੁਢਲੇ ਤੌਰ 'ਤੇ ਸਿੱਖਾਂ ਅਤੇ ਭਾਰਤੀ ਨਿਜ਼ਾਮ ਨੂੰ ਦੋ ਵੱਖ-ਵੱਖ ਧਿਰਾਂ ਪ੍ਰਵਾਨ ਕੀਤਾ ਗਿਆ ਹੋਵੇ ਤੇ ਦੋਹਾਂ ਤੋਂ ਬਰਾਬਰ ਦੀ ਦੂਰੀ ਬਣਾਈ ਜਾਵੇ।

ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ 'ਭਾਰਤੀ ਰਾਸ਼ਟਰਵਾਦ' ਦੇ ਫਾਸ਼ੀਵਾਦੀ ਏਜੰਡੇ ਤੋਂ ਆਪਣੇ ਆਪ ਨੂੰ ਪ੍ਰਭਾਵ-ਮੁਕਤ ਕਰਾਂਗੇ ਤੇ ਭਾਰਤੀ ਸੰਵਿਧਾਨ ਜੋ ਅਨੇਕ ਊਣਤਾਈਆਂ ਨਾਲ ਭਰਪੂਰ ਹੈ, ਨੂੰ ਧਾਰਮਿਕ ਗ੍ਰੰਥ ਜਿੰਨਾ ਸਨਮਾਨ ਦੇਣਾ ਬੰਦ ਕਰਾਂਗੇ। ਕਈ ਵਿਅਕਤੀ ਇਸ ਫੌਜੀ ਹਮਲੇ ਨੂੰ ਸਰਕਾਰ ਦੀ 'ਗਲਤੀ' ਕਰਾਰ ਦੇ ਕੇ ਨਿਰਪੱਖ ਹੋਣ ਦਾ ਭਰਮ ਪਾਲ ਬੈਠਦੇ ਹਨ ਜਾਂ ਦਿਖਾਵਾ ਕਰਦੇ ਹਨ, ਕਿਉਂਕਿ ਇਸ ਦਾ ਅਰਥ ਤਾਂ ਇਹੀ ਨਿਕਲਦਾ ਹੈ ਕਿ ਸਰਕਾਰ ਦਾ ਏਨਾ ਕੁ ਕਸੂਰ ਸੀ ਕਿ ਉਸ ਨੇ ਅਕਾਲ ਤਖ਼ਤ ਸਾਹਿਬ ਵਿਖੇ 'ਲੁਕੇ' ਖਾੜਕੂਆਂ ਨੂੰ ਕਾਬੂ ਵਿਚ ਕਰਨ ਦਾ ਤਰੀਕਾ ਗਲਤ ਅਪਣਾਇਆ ਸੀ ਤੇ ਉਸ ਨੂੰ ਹਥਿਆਰਬੰਦ ਧਾਵਾ ਬੋਲਣ ਦੀ ਬਜਾਇ ਕੋਈ ਹੋਰ ਤਰੀਕਾ ਅਪਣਾਉਣਾ ਚਾਹੀਦਾ ਸੀ, ਮਤਲਬ ਕਿ ਖਾੜਕੂ ਧਿਰ ਅਜੇ ਵੀ ਦੋਸ਼ੀ ਹੀ ਹੈ।

ਇਸ ਸਾਰੀ ਚਰਚਾ ਦੇ ਜਰੀਏ ਮੇਰੇ ਕਹਿਣ ਦਾ ਭਾਵ ਏਨਾ ਕੁ ਹੀ ਹੈ ਕਿ ਜੂਨ ਚੁਰਾਸੀ ਦੇ ਵਰਤਾਰੇ ਨੂੰ ਵਾਚਣ ਲਈ ਦਰੁਸਤ ਨੁਕਤਾ-ਨਿਗਾਹ ਦੀ ਲੋੜ ਹੈ। (ਜਿਸ ਲਈ ਇਮਾਨਦਾਰ ਹੋਣਾ ਮੁਢਲੀ ਸ਼ਰਤ ਹੈ।) ਇਸ ਲਈ ਸਿੱਖਾਂ ਦੇ ਧਾਰਮਿਕ ਵਿਸ਼ਵਾਸਾਂ ਤੇ ਸਭਿਆਚਾਰਕ ਸਰੋਕਾਰਾਂ, ਪਿਛਲੇ ਇਤਿਹਾਸਕ ਵਰਤਾਰਿਆਂ, ਰਾਜਨੀਤਕ ਖਾਹਿਸ਼ਾਂ, ਉਨ੍ਹਾਂ ਨੂੰ ਆਜ਼ਾਦ ਭਾਰਤ ਅੰਦਰ ਮਿਲੇ ਰੁਤਬੇ, ਉਨ੍ਹਾਂ ਨਾਲ ਹੁੰਦੇ ਵਿਤਕਰਿਆਂ, ਗਿਣਤੀ-ਮਿਣਤੀਆਂ ਵਾਲੀ ਰਾਜਸੀ ਵਿਵਸਥਾ ਵਿਚ ਘੱਟ-ਗਿਣਤੀ ਰਹਿ ਜਾਣ ਦੇ ਹਿਰਖ ਅਤੇ ਭਾਰਤੀ ਰਾਸ਼ਟਰ ਉਸਾਰੀ ਦੀ ਬਾਤ ਸਮਝਣੀ ਬੇਹੱਦ ਜਰੂਰੀ ਹੈ, ਤਾਂ ਹੀ ਇਸ ਵਰਤਾਰੇ ਨੂੰ ਸਹੀ ਅਰਥਾਂ ਵਿਚ ਸਮਝਿਆ ਜਾ ਸਕਦਾ ਹੈ। ਤੇ ਇਹ ਬੇਹੱਦ ਜਰੂਰੀ ਵੀ ਹੈ ਕਿਉਂਕਿ ਜੂਨ ਚੁਰਾਸੀ ਦੇ ਜ਼ਖਮ ਸਿੱਖ ਜ਼ਹਿਨੀਅਤ ਅੰਦਰ ਅਜੇ ਵੀ ਰਿਸ ਰਹੇ ਹਨ। ਦਰਅਸਲ ਵਿਚਲੀ ਗੱਲ ਇਹ ਹੈ ਕਿ ਭਾਰਤੀ ਸਥਾਪਤੀ ਨੇ ਇਸ ਕਾਂਡ ਦਾ ਸਿੱਖਾਂ ਵਿਚ ਪ੍ਰਭਾਵ ਆਪਣੇ ਮੁਤਾਬਕ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਵਿਚ ਇਸ ਨੂੰ ਤੀਜੇ ਘੱਲੂਘਾਰੇ ਵਜੋਂ ਮਾਨਤਾ ਮਿਲੀ ਹੋਈ ਹੈ। ਇਸ ਵਿਚ ਭਾਰਤੀ ਫੌਜ ਨਾਲ ਲੜਦਿਆਂ ਸ਼ਹੀਦ ਹੋਏ ਸਿੱਖ ਆਗੂਆਂ ਨੂੰ ਸਰਕਾਰ ਨੇ ਖਲਨਾਇਕ ਵਜੋਂ ਪੇਸ਼ ਕੀਤਾ ਪਰ ਸਿੱਖ ਤਵਾਰੀਖ਼ ਵਿਚ ਉਨ੍ਹਾਂ ਨੂੰ ਨਾਇਕ ਦਾ ਰੁਤਬਾ ਮਿਲਿਆ ਹੋਇਆ ਹੈ। ਤੇ ਜਿਨ੍ਹਾਂ ਨੂੰ ਸਰਕਾਰ ਨੇ ਨਾਇਕ ਬਣਾਉਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਸਿੱਖਾਂ ਵਿਚ ਖਲਨਾਇਕਾਂ ਵਜੋਂ ਜਾਣਿਆ ਜਾਂਦਾ ਹੈ। ਜਦੋਂ ਤੱਕ ਇਨ੍ਹਾਂ ਹਕੀਕਤਾਂ ਨੂੰ ਸੁਹਿਰਦਤਾ ਨਾਲ ਖਿੜੇ ਮੱਥੇ ਪ੍ਰਵਾਨ ਨਹੀਂ ਕੀਤਾ ਜਾਂਦਾ ਤੇ ਇਸ ਵਰਤਾਰੇ ਨੂੰ ਸਮਝਣ ਦੀ ਅਜਿਹੀ ਪਹੁੰਚ ਨਹੀਂ ਅਪਣਾਈ ਜਾਂਦੀ, ਉਦੋਂ ਇਸ ਸੰਦਰਭ ਵਿਚ ਅਗਲਾ ਰਾਹ ਨਹੀਂ ਕੱਢਿਆ ਜਾ ਸਕਦਾ।

# ਕਹਾਣੀ ਭੂਰੋ ਦੀ ਹਾਅ

ਭੂਰੋ ਆਪਣੇ ਨਿੱਕੇ ਨਿੱਕੇ ਚਾਰ ਬੱਚੇ ਲੈਕੇ ਗਲ ?ੀ ਦੇ ਇੱਕ ਮੋੜ ਤੇ ਰਹਿਣ ਲੱਗ ਪਈ ਸੀ ਕਿਉਂਕਿ ਜਿਹੜੇ ਪਲਾਟ ਵਿੱਚ ਉਸ ਨੇ ਛੇ ਬੱਚਿਆਂ ਨੂੰ ਜਨਮ ਦਿੱਤਾ ਸੀ ਉੱਥੇ ਘਰ ਬਣਨ ਲੱਗ ਗਿਆ ਸੀ।ਦੋ ਬੱਚੇ ਰਾਹਗੀਰਾਂ ਦੇ ਤੇਜ਼ ਵਾਹਨਾਂ ਦੇ ਥੱਲੇ ਆ ਕੇ ਪਹਿਲਾਂ ਹੀ ਮਰ ਗਏ ਸਨ।ਠੰਡ ਵੀ ਕਾਫ਼ੀ ਹੋ ਗਈ ਸੀ। ਕਿਸੇ ਨੇ ਤਰਸ ਖਾ ਕੇ ਪਾਟੇ ਪੁਰਾਣੇ ਕੰਬਲ ਦੇ ਦਿੱਤੇ ਸਨ। ਉਹਨਾਂ ਤੇ ਭੂਰੋ ਆਪਣੇ ਬੱਚਿਆਂ ਨੂੰ ਲੈਕੇ ਦਿਨ ਭਰ ਬੈਠੀ ਰਹਿੰਦੀ ਸੀ। ਕੋਈ ਨਾ ਕੋਈ ਤਰਸ ਖਾ ਕੇ ਉਸ ਨੂੰ ਕੋਈ ਡਬਲਰੋਟੀ ਜਾਂ ਰੋਟੀ ਖਾਣ ਲਈ ਪਾ ਜਾਂਦਾ । ਕਈ ਲੋਕ ਕਦੇ ਕਦੇ ਦੁੱਧ ਵੀ ਪਾ ਜਾਂਦੇ ਸਨ। ਉਸ ਦੇ ਬੱਚੇ ਦਿਨ-ਬ-ਦਿਨ ਉਡਾਰ ਹੋ ਰਹੇ ਸਨ। ਉਹ ਦੋ ਕੁ ਮਹੀਨੇ ਦੇ ਹੋ ਗਏ ਸਨ। ਹੁਣ ਉਹ ਨਿੱਕੇ ਨਿੱਕੇ ਕਦੇ ਕਿਸੇ ਦੇ ਘਰ ਜਾ ਵੜਦੇ , ਕਿਸੇ ਦੀ ਜੁੱਤੀ ਜਾਂ ਕੁਝ ਹੋਰ ਨਿੱਕਾ-ਨੰਨਾ ਸਮਾਨ ਚੁੱਕ ਲਿਆਉਂਦੇ, ਕਦੇ ਕਿਸੇ ਦੇ ਦਰਵਾਜ਼ੇ ਅੱਗੇ ਟੱਟੀ ਕਰ ਦਿੰਦੇ ਤਾਂ ਲੋਕ ਉਹਨਾਂ ਨੂੰ ਬੁਰੀ ਤਰ੍ਹਾਂ ਕੁੱਟਦੇ। ਉਹਨਾਂ ਦੀਆਂ ਚੀਕਾਂ ਨਾਲ ਭੂਰੋ ਦਾ ਹਿਰਦਾ ਵਲੂੰਦਰਿਆ ਜਾਂਦਾ।ਉਸ ਦੀ ਮਮਤਾ ਉਸ ਦੀਆਂ ਅੱਖਾਂ ਵਿੱਚੋਂ ਬੇਬਸ ਝਲਕਦੀ ਤੇ ਉਸ ਬੇਜ਼ੁਬਾਨ ਦੀਆਂ ਅੱਖਾਂ ਵਿੱਚ ਪਾਣੀ ਭਰ ਆਉਂਦਾ ਪਰ ਜਾਨਵਰ ਤਾਂ ਜਾਨਵਰ ਹੀ ਹੈ, ਉਹਨਾਂ ਦਾ ਕਿਹੜਾ ਇਨਸਾਨ ਅੱਗੇ ਜ਼ੋਰ ਚੱਲਦਾ ਹੈ,ਕਰ ਵੀ ਕੀ ਸਕਦੀ ਸੀ ਉਹ ? ਇੱਕ ਦੋ ਘਰਾਂ ਨੂੰ ਛੱਡ ਕੇ ਸਾਰੇ ਲੋਕ ਉਹਨਾਂ ਨੂੰ ਦੁਰਪਰੇ-ਦੁਰਪਰੇ ਕਰਦੇ ਸਨ।

ਭੂਰੋ ਆਪਣੇ ਬੱਚਿਆਂ ਨੂੰ ਸੁਵਾ ਕੇ ਕਈ ਵਾਰ ਭੋਜਨ ਦੀ ਭਾਲ ? ਵਿੱਚ ਦੂਜੀਆਂ ਗਲੀਆਂ ਵਿੱਚ ਨਿਕਲ ? ਜਾਂਦੀ ਤਾਂ ਕੋਈ ਕਾਗਜ਼ ਚੁੱਕਣ ਵਾਲੇ ਬੱਚੇ ਜਾਂ ਹੋਰ ਰਾਹਗੀਰ ਉਹਨਾਂ ਦੇ ਸੁੱਤਿਆਂ ਪਇਆਂ ਨੂੰ ਕੋਈ ਸੋਟੀ ਜਾਂ ਇੱਟ-ਪੱਥਰ ਮਾਰ ਜਾਂਦਾ ਤਾਂ ਭੂਰੋ ਦੇ ਆਉਂਦੀ ਨੂੰ ਉਹ ਦਰਦ ਨਾਲ ਤੜਫ਼ ਰਹੇ ਹੁੰਦੇ।ਉਹ ਕਿੰਨਾ ਕਿੰਨਾ ਚਿਰ ਆਪਣੇ ਢਿੱਡ ਨਾਲ ? ਲਾ ਕੇ ਉਹਨਾਂ ਦੇ ਜ਼ਖ਼ਮਾਂ ਨੂੰ ਜੀਭ ਨਾਲ ਚੱਟਦੀ ਰਹਿੰਦੀ ਤੇ ਢਿੱਡ ਦਾ ਸੇਕ ਦੇ ਦੇ ਕੇ ਦਰਦ ਮਿਟਾਉਣ ਵਿੱਚ ਲੱਗੀ ਰਹਿੰਦੀ। ਗਲ ?ੀ ਦੇ ਲੋਕ ਉਹਨਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਦੇ ਸਨ।ਬਸ ਉਹ ਤਾਂ ਉਹਨਾਂ ਦੀਆਂ ਚੀਕਾਂ ਦੀਆਂ ਅਵਾਜ਼ਾਂ ਨਾਲ ? ਪ੍ਰੇਸ਼ਾਨ ਹੁੰਦੇ ਰਹਿੰਦੇ ਤੇ ਉਹਨਾਂ ਨੂੰ ਚੁੱਪ ਕਰਾਉਣ ਲਈ ਦੂਰੋਂ ਹੀ ਵਗਾਹ ਕੇ ਕੋਈ ਇੱਟ-ਪੱਥਰ ਜਾਂ ਸੋਟੀ ਮਾਰ ਦਿੰਦੇ ਉਹ ਸਾਰੇ ਚੀਕਾਂ ਮਾਰਦੇ ਇੱਧਰ ਉੱਧਰ ਭੱਜਦੇ ਤੇ ਕਿਤੇ ਲੁਕ ਜਾਂਦੇ। ਜਦ ਸਾਰੇ ਲੋਕ ਅੰਦਰੀਂ ਵੜ ਜਾਂਦੇ ਤਾਂ ਭੂਰੋ ਆ ਕੇ ਆਪਣੇ ਟਿਕਾਣੇ ਤੇ ਪੈ ਜਾਂਦੀ ਇੱਕ ਇੱਕ ਕਰਕੇ ਚਾਰੇ ਸੁੰਡੀਆਂ ਵਾਂਗੂੰ ਗੋਲ ਗਲੋਟੇ ਬਣ ਕੇ ਮਾਂ ਦੇ ਢਿੱਡ ਨਾਲ ? ਜੁੜ ਕੇ ਪੈ ਜਾਂਦੇ। ਇਸ ਤਰ੍ਹਾਂ ਉਹਨਾਂ ਦਾ ਦਿਨ ਨਿਕਲ ? ਜਾਂਦਾ।ਰਾਤ ਨੂੰ ਗਲੀ ਵਿੱਚ ਕੋਈ ਚੋਰ ਉਚੱਕਾ ਆ ਵੜਦਾ ਤਾਂ ਉਹ ਭੌਂਕ ਭੌਂਕ ਕੇ ਅਸਮਾਨ ਸਿਰ ਤੇ ਚੁੱਕ ਲੈਂਦੇ। ਪਰ ਗਲ ?ੀ ਦੇ ਲੋਕਾਂ ਲਈ ਹੁਣ ਉਹਨਾਂ ਨੂੰ ਬਰਦਾਸ਼ਤ ਕਰਨਾ ਬਹੁਤ ਔਖਾ ਹੋ ਗਿਆ ਸੀ ਕਿਉਂਕਿ ਉਹ ਇਸ ਗੱਲੋਂ ਅਣਜਾਣ ਸਨ ਕਿ ਉਹ ਉਹਨਾਂ ਦੇ ਭਲੇ ਲਈ ਹੀ ਭੌਂਕਦੇ ਹਨ। ਇੱਕ ਦਿਨ ਗਲ ?ੀ ਵਿੱਚ ਰਹਿਣ ਵਾਲੇ ਸ਼ਾਮ ਸੁੰਦਰ ਨੇ ਫੈਸਲਾ ਕੀਤਾ ਕਿ ਉਹ ਉਹਨਾਂ ਨੂੰ ਚੁਕਵਾ ਕੇ ਕਿਤੇ ਦੂਰ ਛੁਡਵਾ ਦੇਵੇਗਾ ਕਿਉਂ ਕਿ ਉਸ ਨੂੰ ਜਾਨਵਰਾਂ ਨਾਲ ਬਹੁਤ ਨ਼ਫ਼ਰਤ ਸੀ। ਜਿੰਨਾ ਉਸ ਦਾ ਨਾਮ ਸੋਹਣਾ ਸੀ ਦਿਲ ਦਾ ਓਨਾ ਹੀ ਉਹ ਜ਼ਾਲਮ ਸੀ। ਅਸਲ ਵਿੱਚ ਇਨਸਾਨ ਵੀ ਤਾਂ ਆਪਣੇ ਆਪ ਨੂੰ ਧਰਤੀ ਉਪਰਲਾ ਰੱਬ ਸਮਝ ਬੈਠਾ ਹੈ, ਇਸ ਲਈ ਉਹ ਪ੍ਰਕਿਰਤੀ ਅਤੇ ਉਸ ਦੇ ਜੀਵਾਂ ਉੱਤੇ ਜ਼ੁਲਮ ਕਰਦਾ ਹੈ ਜਦ ਕਿ ਸਿੱਧੇ ਜਾਂ ਅਸਿੱਧੇ ਤੌਰ ਤੇ ਭੁਗਤਾਨ ਵੀ ਉਸੇ ਨੂੰ ਹੀ ਕਰਨਾ ਪੈਂਦਾ ਹੈ।

ਇੱਕ ਸਵੇਰ ਸ਼ਾਮ ਸੁੰਦਰ ਨੇ ਕਿਸੇ ਕੁੱਤੇ ਚੁੱਕਣ ਵਾਲਿਆਂ ਨੂੰ ਭੂਰੋ ਅਤੇ ਉਸ ਦੇ ਚਾਰੇ ਬੱਚਿਆਂ ਨੂੰ ਚੁਕਵਾਉਣ ਲਈ ਪੈਸੇ ਦਿੱਤੇ ਤੇ ਕਿਹਾ ਕਿ ਉਹ ਸ਼ਹਿਰੋਂ ਦੂਰ ਬਾਹਰ ਕਿਤੇ ਉਜਾੜਾਂ ਵਿੱਚ ਛੱਡ ਆਏ। ਜਿੱਥੇ ਦੂਰ ਦੂਰ ਤੱਕ ਕੋਈ ਘਰ ਨਾ ਦਿਸਦਾ ਹੋਵੇ। ਸ਼ਾਮ ਤੱਕ ਉਸ ਨੇ ਉਵੇਂ ਕੀਤਾ ਜਿਵੇਂ ਸ਼ਾਮ ਸੁੰਦਰ ਨੇ ਕਿਹਾ ਸੀ ਅਤੇ ਉਹਨਾਂ ਨੂੰ ਚੁੱਕ ਕੇ ਦੂਰ ਉਜਾੜਾਂ ਵਿੱਚ ਛੱਡ ਆਇਆ।ਭੂਰੋ ਆਪਣੇ ਚਾਰੇ ਬੱਚਿਆਂ ਨਾਲ ਭੁੱਖੀ ਪਿਆਸੀ ਇੱਧਰ ਉੱਧਰ ਭਟਕਦੀ ਰਹੀ ਪਰ ਕਿਤੇ ਉਸ ਨੂੰ ਖਾਣ ਲਈ ਕੁਝ ਨਾ ਲੱਭਿਆ। ਦੋ ਤਿੰਨ ਦਿਨ ਦੀ ਭੁੱਖ ਨਾ ਸਹਾਰਦੇ ਹੋਏ ਉਸ ਦੇ ਸਾਰੇ ਬੱਚੇ ਇੱਕ ਇੱਕ ਕਰਕੇ ਦਮ ਤੋੜ ਗਏ ।ਆਖਰ ਪੰਜ ਛੇ ਦਿਨ ਬਾਅਦ ਭੂਰੋ ਨੇ ਵੀ ਭੁੱਖੀ ਪਿਆਸੀ ਨੇ ਭਟਕਦੇ ਹੋਏ ਆਪਣੇ ਬੱਚਿਆਂ ਦੇ ਗਮ ਵਿੱਚ ਪ੍ਰਾਣ ਤਿਆਗ ਦਿੱਤੇ। ਸਾਰੇ ਮੁਹੱਲੇ ਵਿੱਚ ਹੁਣ ਸ਼ਾਂਤੀ ਸੀ। ਸ਼ਾਮ ਸੁੰਦਰ ਅਤੇ ਉਸ ਵਰਗੀ ਸੋਚ ਰੱਖਣ ਵਾਲੇ ਲੋਕ ਬਹੁਤ ਖੁਸ਼ ਸਨ। ਮਹੀਨੇ ਕੁ ਬਾਅਦ ਮੁਹੱਲੇ ਵਿੱਚ ਦੋ ਚੋਰੀਆਂ ਹੋ ਗਈਆਂ। ਜੂਨ ਮਹੀਨੇ ਦੀਆਂ ਛੁੱਟੀਆਂ ਹੋਈਆਂ ਤਾਂ ਸ਼ਾਮ ਸੁੰਦਰ ਆਪਣੀ ਪਤਨੀ ਅਤੇ ਇਕਲੌਤੇ ਪੁੱਤ ਜੋ ਉਸ ਨੇ ਮਸਾਂ ਰੱਬ ਤੋਂ ਮੰਗ ਕੇ ਕਈ ਸਾਲਾਂ ਬਾਅਦ ਲਿਆ ਸੀ,ਨਾਲ ਪਹਾੜਾਂ ਵਿੱਚ ਘੁੰਮਣ ਗਿਆ।ਰੱਬ ਦੀ ਕਰਨੀ ਦੇਖੋ, ਰਸਤੇ ਵਿੱਚ ਜਾਂਦੇ ਹੋਏ ਬੱਦਲ ਫਟ ਗਿਆ। ਬੱਦਲ ? ਫ਼ਟਣ ਕਾਰਨ ਇੱਕ ਦਮ ਪਾਣੀ ਦੀ ਸੁਨਾਮੀ ਉਹਨਾਂ ਦੀ ਗੱਡੀ ਨੂੰ ਰੋੜ੍ਹ ਕੇ ਲੈ ਚੱਲੀ ਤਾਂ ਗੱਡੀ ਇੱਕ ਦਰਖਤ ਵਿੱਚ ਅਟਕ ਗਈ।ਬਚਾਅ ਦਲਾਂ ਨੇ ਗੱਡੀ ਵਿੱਚੋਂ ਸ਼ਾਮ ਸੁੰਦਰ ਨੂੰ ਬਾਹਰ ਕੱਢ ਲਿਆ ,ਜਦ ਉਸ ਦੀ ਪਤਨੀ ਅਤੇ ਪੁੱਤਰ ਨੂੰ ਕੱਢਣ ਲੱਗੇ ਤਾਂ ਪਾਣੀ ਦੀ ਇੱਕ ਹੋਰ ਐਸੀ ਛੱਲ ਉੱਪਰੋਂ ਪਹਾੜਾਂ ਤੋਂ ਆਈ ਕਿ ਉਨ੍ਹਾਂ ਦੋਵਾਂ ਮਾਂ ਅਤੇ ਪੁੱਤਰ ਸਮੇਤ ਗੱਡੀ ਨੂੰ ਰੁੜ੍ਹਾ ਕੇ ਲੈ ਗਈ।ਬਚਾਅ ਦਲਾਂ ਨੇ ਬਹੁਤ ਤਲਾਸ਼ ਕੀਤੀ ਪਰ ਪਹਾੜੀ ਪਾਣੀਆਂ ਦੇ ਵਹਾਅ ਵਿੱਚ ਤਾਂ ਵੱਡੇ ਵੱਡੇ ਘਰ ਵੀ ਤਾਸ਼ ਦੇ ਪੱਤਿਆਂ ਵਾਂਗ ਰੁੜ੍ਹ ਜਾਂਦੇ ਹਨ। ਪਰ ਹੁਣ ਕੋਈ ਫਾਇਦਾ ਨਹੀਂ ਸੀ । ਦੋ ਤਿੰਨ ਦਿਨ ਦੀ ਭਾਲ ? ਮਗਰੋਂ ਰੋਂਦਾ ਪਿੱਟਦਾ ਘਰ ਵਾਪਸ ਆ ਗਿਆ। ਲੋਕ ਅਫ਼ਸੋਸ ਕਰਦੇ ਆਖਣ ,÷ਪਤਾ ਨੀ ਰੱਬ ਨੇ ਕਿਹੜੇ ਕਰਮਾਂ ਦੀ ਸਜ਼ਾ ਦਿੱਤੀ ਹੈ, ਐਨੀ ਪੂਜਾ ਕਰਦਾ, ਰੋਜ਼ ਮੰਦਰ ਜਾਂਦਾ,ਜਲ ਚੜ੍ਹਉਂਦਾ,ਦਾਨ ਕਰਦਾ।÷ ਅਸਲ ਵਿੱਚ ਹੈ ਤਾਂ ਇਹ ਉਸ ਦੇ ਕਰਮਾਂ ਦੀ ਸਜ਼ਾ ਹੀ ਸੀ ਕਿਉਂ ਕਿ ਉਹ ਬੇਜ਼ੁਬਾਨ ਭੂਰੋ ਅਤੇ ਉਸ ਦੇ ਬੱਚਿਆਂ ਦੀ ਮੌਤ ਦਾ ਕਾਰਨ ਬਣਿਆ ਸੀ। ਸ਼ਾਮ ਸੁੰਦਰ ਵਰਗੇ ਅਨੇਕਾਂ ਮਨੁੱਖ ਧਰਤੀ ਨੂੰ ਸਿਰਫ਼ ਨਿੱਜੀ ਮਲਕੀਅਤ ਸਮਝ ਬੈਠਦੇ ਹਨ ਤੇ ਪਰਮਾਤਮਾ ਦੇ ਬਣਾਏ ਜੀਵ ਜੰਤੂਆਂ ਉੱਪਰ ਜਾਣੇ ਤੇ ਅਣਜਾਣੇ ਵਿੱਚ ਕਿੰਨੇ ਹੀ ਅੱਤਿਆਚਾਰ ਕਰ ਦਿੰਦੇ ਹਨ। ਜੋ ਵਾਪਸ ਉਹਨਾਂ ਕੋਲ ਪਰਤਦੇ ਹਨ। ਜਿਵੇਂ ਭੂਰੋ ਤੜਫ਼ ਤੜਫ਼ ਕੇ ਮਰੀ ਸੀ ਬਿਲਕੁਲ ਉਸੇ ਤਰ੍ਹਾਂ ਸ਼ਾਮ ਸੁੰਦਰ ਵੀ ਆਪਣੀ ਪਤਨੀ ਅਤੇ ਬੱਚੇ ਦੀ ਯਾਦ ਵਿੱਚ ਹਰ ਪਲ ਤੜਫ਼ ਤੜਫ਼ ਕੇ ਘੁਟ ਘੁਟ ਕੇ ਮਰਦਾ।

ਨਿਰਪੱਖਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

# ਹੱਸਣਾ ਕਿੰਨਾ ਕੁ ਜ਼ਰੂਰੀ ਹੈ...!

ਹੱਸਣਾ ਇੱਕ ਯੋਗਿਕ ਕਿਰਿਆ ਹੈ। ਆਮ ਕਰਕੇ ਯੋਗਸ਼ਲਾਵਾਂ ਵਿੱਚ ਉੱਚੀ ਉੱਚੀ ਹੱਸਣ ਦੀ ਕਿਰਿਆ ਕੀਤੀ ਜਾਂਦੀ ਹੈ ਕਿਉਂਕਿ ਹੱਸਣ ਕਾਰਨ ਫੇਫੜਿਆਂ ਦਾ ਸੰਕੁਚਨ ਅਤੇ ਵਿਸਤਾਰ ਆਮ ਨਾਲੋਂ ਤੇਜ਼ ਅਤੇ ਜ਼ਿਆਦਾ ਹੁੰਦਾ ਹੈ। ਇਸ ਨਾਲ ਸਾਨੂੰ ਜ਼ਿਆਦਾ ਆਕਸੀਜਨ ਮਿਲਦੀ ਹੈ ਅਤੇ ਮੈਟਾਬੋਲਿਜ਼ਮ 'ਚ ਸੁਧਾਰ ਹੁੰਦਾ ਹੈ। ਸਰੀਰ ਵਿੱਚ ਜ਼ਿਆਦਾਤਰ ਬਿਮਾਰੀਆਂ ਮੈਟਾਬੋਲਿਜ਼ਮ ਦੀ ਗੜਬੜੀ ਕਾਰਨ ਹੁੰਦੀਆਂ ਹਨ।ਇਕੱਤਰਤ ਜਾਣਕਾਰੀ ਅਨੁਸਾਰ ਰੋਜ਼ਾਨਾ ਦਸ ਤੋਂ ਪੰਦਰਾਂ ਮਿੰਟ ਹੱਸਣ ਨਾਲ ਲਗਭਗ ਚਾਲ ?ੀ ਕੈਲੋਰੀ ਬਰਨ ਹੁੰਦੀ ਹੈ।ਪਰ ਅੱਜ ਕੱਲ੍ਹ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਲਗਭਗ 65 ਤੋਂ 70 ਫ਼ੀਸਦੀ ਤੱਕ ਲੋਕਾਂ ਦੇ ਕੋਲ ਹੱਸਣ ਤੱਕ ਦਾ ਸਮਾਂ ਨਹੀਂ ਹੈ, ਸ਼ਾਇਦ ਇਸੇ ਲਈ ਹੀ ਅੱਜ ਦੇ ਮਨੁੱਖ ਨੂੰ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਕਈ ਬਿਮਾਰੀਆਂ ਨੇ ਘੇਰਾ ਪਾਇਆ ਹੋਇਆ ਹੈ, ਡਾਕਟਰਾਂ ਦਾ ਮੰਨਣਾ ਹੈ ਕਿ ਜੇਕਰ ਹਰ ਦਿਨ ਸਵੇਰੇ ਸਵੇਰੇ ਖੁੱਲ੍ਹ ਕੇ ਹੱਸਿਆ ਜਾਵੇ ਤਾਂ ਦਿਮਾਗ ਨੂੰ ਸਕੂਨ ਮਿਲਦਾ ਹੈ ਅਤੇ ਬਿਮਾਰੀਆਂ ਨੇੜੇ ਨਹੀਂ ਆਉਂਦੀਆਂ,

ਹੱਸਣ ਦੀ ਅਹਿਮੀਅਤ ਨੂੰ ਸਮਝਦੇ ਹੋਏ ਵਿਸ਼ਵ ਹਾਸ ਦਿਵਸ ਵੀ ਮਨਾਇਆ ਜਾਂਦਾ ਹੈ ਜੋ ਹਰ ਸਾਲ ਮਈ ਦੇ ਪਹਿਲੇ ਐਤਵਾਰ ਨੂੰ ਮਨਾਇਆ ਜਾਂਦਾ ਹੈ, ਉਂਝ ਵਿਸ਼ਵ ਹਾਸ ਦਿਵਸ ਦੀ ਸ਼ੁਰੂਆਤ 11 ਜਨਵਰੀ 1998 ਨੂੰ ਮੁੰਬਈ ਤੋਂ ਹੋਈ ਸੀ ਤੇ ਇਸ ਵਿੱਚ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਦਾ ਸੀ ਜਿਹਨਾਂ ਨੇ ਲਾਫ਼ਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ, ਦੁਨੀਆ ਵਿੱਚ ਲਗਭਗ ਅੱਠ ਹਜ਼ਾਰ ਲਾਫਟਰ ਕਲੱਬ ਹਨ ਅਤੇ ਭਾਰਤ ਵਿੱਚ ਉਨ੍ਹਾਂ ਦੀ ਗਿਣਤੀ 600 ਹੈ,

ਡਾਕਟਰ ਖੋਜਕਾਰਾਂ ਅਨੁਸਾਰ ਹੱਸਣ ਨਾਲ ਮਨੁੱਖ ਦਾ ਇਮਊਨਿਟੀ ਸਿਸਟਮ ਤੇਜ਼ ਹੁੰਦਾ ਹੈ, ਜਿਸ ਨਾਲ ਕੁਦਰਤੀ ਕਿਲਰ ਸੈੱਲਾਂ ਵਿੱਚ ਵਾਧਾ ਹੁੰਦਾ ਹੈ, ਜੋ ਵਿਰਾਸਤ ਵਿੱਚ ਮਿਲੇ ਰੋਗਾਂ ਅਤੇ ਟਿਊਮਰਸ ਸੈੱਲ ਨੂੰ ਖਤਮ ਕਰਦੇ ਹਨ, ਹਾਸਾ ਦਿਲ ਦੀ ਸਰਵਉੱਤਮ ਕਸਰਤ ਹੈ ਜਿਸ ਨਾਲ ਟੀ ਸੈੱਲਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ, ਹਾਸਾ ਨਾ ਸਿਰਫ਼ ਉਨ੍ਹਾਂ ਸੈੱਲਾਂ ਨੂੰ ਵਧਾਉਂਦਾ ਹੈ ਜੋ ਸਮਰੱਥਾ ਵਧਾਉਂਦੇ ਹਨ, ਸਗੋਂ ਟੀ ਸੈੱਲਾਂ ਦੀ ਗਤੀਵਿਧੀ ਨੂੰ ਵੀ ਵਧਾਉਂਦੇ ਹਨ ਜੋ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦੇ ਹਨ। ਹੱਸਣ ਨਾਲ ਖ਼ੂਨ ਦਾ ਪ੍ਰਵਾਹ ਵਧਦਾ ਹੈ ਅਤੇ ਮਾਸਪੇਸ਼ੀਆਂ ਮਜ਼ਬੂਤ ? ?ਹੁੰਦੀਆਂ ਹਨ। ਹੱਸਣ ਨਾਲ ਸਾਹ ਨਲੀ ਵਿੱਚ ਹੋਣ ਵਾਲੇ ਇੰਫੈਕਸ਼ਨ ਤੋਂ ਬਚਾਅ ਹੁੰਦਾ ਹੈ, ਹੱਸਣ ਨਾਲ ਤਣਾਓ ਨੂੰ ਜਨਮ ਦੇਣ ਵਾਲੇ ਹਾਰਮੋਨਜ਼ ਦਾ ਪੱਧਰ ਘਟਦਾ ਹੈ, ਪਾਚਨ ਤੰਤਰ ਸਹੀ ਰੱਖਣ, ਵਜ਼ਨ ਘਟਾਉਣ ਅਤੇ ਚਰਬੀ ਘੱਟ ਕਰਨ ਵਿੱਚ ਵੀ ਹਾਸਾ ਅਹਿਮ ਭੂਮਿਕਾ ਨਿਭਾਉਂਦਾ ਹੈ, ਜ਼ੋਰ ਜ਼ੋਰ ਦੀ ਹੱਸਣ ਨਾਲ ਮਨੁੱਖ ਦੇ ਸਰੀਰ ਵਿੱਚ ਇੱਕ ਤਰੰਗ ਜਿਹੀ ਦੌੜ ਜਾਂਦੀ ਹੈ ਜਿਸ ਵਿੱਚ ਇੰਡਰੋਫਿਨ ਹਾਰਮੋਨ ਵੀ ਹੁੰਦਾ ਹੈ ਜੋ ਕੁਦਰਤੀ ਰੂਪ ਨਾਲ ਸਾਡੇ ਸਰੀਰ ਦਾ ਦਰਦ ਨਿਵਾਰਕ ਹੈ।ਸਾਰਾ ਦਿਨ ਮੱਥੇ ਉੱਤੇ ਸ਼ਿਕਨ, ਦਿਮਾਗ ਵਿੱਚ ਸਕੀਮਾਂ ਅਤੇ ਦਿਲ ਵਿੱਚ ਅੱਗੇ ਨਿਕਲਣ ਦੀ ਹੋੜ ਨਾਲ ਜੂਝਦੇ ਵਿਅਕਤੀ ਜਦੋਂ ਸ਼ਾਮ ਨੂੰ ਘਰ ਜਾਂਦੇ ਹਨ ਤਾਂ ਉਦੋਂ ਬੀਵੀ, ਬੱਚਿਆਂ ਨਾਲ ਸਮਾਂ ਬਿਤਾਉਣਾ ਤਾਂ ਇੱਕ ਪਾਸੇ, ਸਗੋਂ ਉਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਅੱਜ ਮੈਂ ਬਹੁਤ ਥੱਕ ਗਿਆ ਹਾਂ, ਮੈਂ ਪਰੇਸ਼ਾਨ ਹਾਂ, ਮੈਨੂੰ ਇਕੱਲਾ ਛੱਡ ਦਿਓ, ਉਹ ਇਹ ਭੁੱਲ ਜਾਂਦੇ ਹਨ ਕਿ ਵੱਡੀ ਤੋਂ ਵੱਡੀ ਥਕਾਨ ਤੇ ਪਰੇਸ਼ਾਨੀ ਪਰਿਵਾਰ ਨਾਲ ਹੱਸ-ਖੇਡ ਕੇ ਪਲਾਂ ਵਿੱਚ ਛੂ-ਮੰਤਰ ਹੋ ਜਾਂਦੀ ਹੈ, ਕਹਿੰਦੇ ਹਨ ਕਿ ਦੁੱਖ ਵੰਡਣ ਨਾਲ ਘਟਦਾ ਹੈ ਤੇ ਹਾਸੇ ਵੰਡਣ ਨਾਲ ਦੁੱਗਣੇ ਹੁੰਦੇ ਹਨ, ਡਾਕਟਰਾਂ ਅਨੁਸਾਰ ਹਾਸਾ ਵੱਖ-ਵੱਖ ਰੋਗਾਂ ਦੀ ਦਵਾਈ ਹੈ, ਇਹ ਇੱਕ ਇਸ ਤਰ੍ਹਾਂ ਦੀ ਦਵਾਈ ਹੈ ਜਿਸ ਦਾ ਸਾਡੇ ਸਰੀਰ ਉੱਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ, ਹਾਸਾ ਸਿਹਤ ਲਈ ਫਾਇਦੇਮੰਦ ਹੈ। ਹਾਸਾ ਡਿਪਰੈਸ਼ਨ ਲਈ ਟੌਨਿਕ ਦਾ ਕੰਮ ਕਰਦਾ ਹੈ। ਹਾਸਾ ਸਰੀਰ ਵਿੱਚ ਮੈਲਾਟੋਨਿਨ ਹਾਰਮੋਨ ਪੈਦਾ ਕਰਦਾ ਹੈ। ਇਹ ਰਾਤ ਨੂੰ ਆਰਾਮਦਾਇਕ ਨੀਂਦ ਲੈਣ ਵਿਚ ਮਦਦ ਕਰਦਾ ਹੈ।ਦਰਦ ਤੋਂ ਰਾਹਤ- ਹੱਸਣ ਨਾਲ ਐਂਡੋਰਫਿਨ ਨਾਂ ਦਾ ਹਾਰਮੋਨ ਨਿਕਲਦਾ ਹੈ। ਇਹ ਸਰੀਰ ਤੋਂ ਤਣਾਅ ਨੂੰ ਦੂਰ ਕਰਨ ਵਿੱਚ ਕਾਫੀ ਹੱਦ ਤੱਕ ਮਦਦ ਕਰਦਾ ਹੈ। ਤਣਾਅ ਮੁਕਤ ਰਹਿਣ ਲਈ ਹਾਸੇ ਤੋਂ ਵੱਡੀ ਕੋਈ ਦਵਾਈ ਨਹੀਂ ਹੈ।ਜੋ ਲੋਕ ਹੱਸਦੇ ਹਨ, ਉਹੀ ਖੁਸ਼ ਹੁੰਦੇ ਹਨ,ਉਹ ਸਮਾਜ ਵਿੱਚ ਖੁੱਲ੍ਹ ਕੇ ਵਿਚਰਦੇ ਹਨ। ਮੈਨੂੰ ਗਾਇਕ ਗੁਰਦਾਸ ਮਾਨ ਸਾਹਿਬ ਦੇ ਗੀਤ ਦੇ ਬੋਲ ਯਾਦ ਆਉਂਦੇ ਹਨ,÷ ਥੋੜ੍ਹਾ ਥੋੜ੍ਹਾ ਹੱਸਣਾ ਜ਼ਰੂਰ ਚਾਹੀਦਾ...÷ , ਗੱਲ ਵੀ ਸੱਚੀ ਹੈ ਕਿਉਂ ਕਿ ਹਾਸਿਆਂ ਦੀ ਛਣਕਾਰ ਨਾਲ ਤਾਂ ਸਾਰਾ ਵਾਤਾਵਰਣ ਖੁਸ਼ਨੁਮਾ ਹੋ ਜਾਂਦਾ ਹੈ । ਸਿਆਣਿਆਂ ਨੇ ਐਵੇਂ ਤਾਂ ਨਹੀਂ ਆਖਿਆ ÷ਹੱਸਦਿਆਂ ਦੇ ਘਰ ਵਸਦੇ÷।

# ਅਜੋਕੇ ਸਮੇਂ ਦੇ ਹਾਲਾਤ..



- ਜੇਕਰ ਕਿਸੇ ਵੀ ਇਨਸਾਨ ਵੱਲੋਂ ਅੱਜ ਦੇ ਸਮੇਂ ਦੇ ਹਾਲਾਤਾਂ 'ਤੇ ਚਾਨਣਾ ਪਾਉਣਾ ਹੋਵੇ ਤਾਂ ਅਸੀਂ ਆਪਣੇ ਆਲੇ ਦੁਆਲੇ ਨੂੰ ਵਾਚ ਕੇ ਬਹੁਤ ਕੁਝ ਵੇਖ ਅਤੇ ਸੁਣ ਸਕਦੇ ਹਾਂ । ਅੱਜ ਦੇ ਹਾਲਾਤਾਂ ਤੇ ਝਾਤ ਪਾਉਣ ਦੇ ਲਈ ਸਾਨੂੰ ਕਿਤੇ ਵੀ ਜਾਣ ਦੀ ਲੋੜ ਨਹੀਂ । ਜੋ ਅੱਜ ਦੇ ਹਾਲਾਤ ਬਣ ਚੁੱਕੇ ਹਨ ਉਹ ਸਾਡੇ ਵਿੱਚੋਂ ਹੀ ਹਨ ਅਤੇ ਇਸ ਦੇ ਲਈ ਸਾਨੂੰ ਬਾਹਰ ਵੇਖਣ ਦੀ ਬਜਾਏ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿਉਂਕਿ ਜੋ ਅੱਜ ਹਾਲਾਤ ਸਾਡੇ ਸਮਾਜ ਅੰਦਰ ਬਣ ਚੁੱਕੇ ਹਨ ਉਸ ਦੇ ਲਈ ਜ਼ਿੰਮੇਵਾਰ ਸਰਕਾਰਾਂ ਅਤੇ ਅਸੀਂ ਆਪ ਖੁਦ ਹਾਂ । ਸਾਡਾ ਸਮਾਜ ਅੱਜ ਇਸ ਕਦਰ ਅਲਾਮਤਾਂ ਦੇ ਰਾਹ ਪਿਆ ਨਜ਼ਰੀ ਪੈਂਦਾ ਹੈ ਜਿਸ ਨੂੰ ਵੇਖ ਕੇ ਕਿਸੇ ਵੀ ਇਨਸਾਨ ਦਾ ਦਿਲ ਧੁਰ ਅੰਦਰੋਂ ਹਿਲ ਜਾਂਦਾ ਹੈ । ਪਿਛਲੇ ਸਮੇਂ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਅਤੇ ਹੋਰ ਬਹੁਤ ਕੁਝ ਸਾਡੇ ਪੱਲੇ ਸੀ ਪਰ ਅੱਜ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਵੀ ਸਾਡੇ ਤੋਂ ਗੁਵਾਚ ਚੁੱਕੀਆਂ ਹਨ । ਬਜ਼ੁਰਗਾਂ ਦੇ ਸਮੇਂ ਬਹੁਤ ਕੁਝ ਵੱਖਰਾ ਸੀ ਜੋ ਅੱਜ ਸਾਡੇ ਤੋਂ ਗੁਆਚ ਗਿਆ ਹੈ ਇਹ ਸਾਰਾ ਕੁਝ ਦੇ ਜ਼ਿੰਮੇਵਾਰ ਅਸੀਂ ਆਪ ਲੋਕ ਹਾਂ । ਇਸ ਦੇ ਲਈ ਜ਼ਿੰਮੇਵਾਰੀ ਸਾਡੀ ਹੈ

ਅਸੀਂ ਗੱਲ ਕਰ ਰਹੇ ਸੀ ਅੱਜ ਦੇ ਹਾਲਾਤਾਂ ਦੀ ਕਿ ਹਾਲਾਤ ਵਿਗੜੇ ਕਿਉਂ ਜਾਂ ਹਾਲਾਤ ਇੱਥੇ ਕਿਵੇਂ ਪਹੁੰਚੇ ਇਹ ਚਰਚਾ ਦਾ ਵਿਸ਼ਾ ਹੈ । ਅੱਜ ਸਾਡੇ ਸਮਾਜ ਦੇ ਅੰਦਰ ਬਹੁਤ ਸਾਰੇ ਇਨਸਾਨ ਲਚਾਰ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ । ਫਰਕ ਕਿੱਥੇ ਹੈ ਨੁਕਸਾਨ ਕਿਸ ਦਾ ਹੈ ਜ਼ਿੰਮੇਵਾਰੀ ਕਿਸਦੀ ਹੈ ਕਿਸੇ ਨੂੰ ਕੁਝ ਵੀ ਨਹੀਂ ਪਤਾ ਸਮਾਂ ਅਤੇ ਘੜੀ ਦੀਆਂ ਸੂਈਆਂ ਕਦੇ ਵੀ ਨਹੀਂ ਰੁਕਦੀਆਂ । ਉਨ੍ਹਾਂ ਦੀ ਟਿਕ ਟਿਕ ਸਦਾ ਚਲਦੀ ਰਹਿੰਦੀ ਹੈ । ਸਮਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ । ਪਰ ਅਸੀਂ ਜ਼ਿੰਦਗੀ ਅੰਦਰ ਕਈ ਵਾਰ ਬਹੁਤ ਨੁਕਸਾਨ ਉਠਾ ਲੈਂਦੇ ਹਾਂ । ਸਿਆਣੇ ਆਖਦੇ ਨੇ ਕਿ ਪਹਿਲਾਂ ਤੋਲੋ ਤੇ ਫਿਰ ਬੋਲੋ ਇਹ ਸਦੀਵੀ ਸੱਚ ਹੈ ਇਸ ਤੋਂ ਬਿਨਾਂ ਸਾਡੀ ਗਤੀ ਨਹੀਂ ਹੁੰਦੀ । ਪਰ ਅੱਜ ਸਾਡੇ ਸਮਾਜ ਅੰਦਰ ਇਹਨਾਂ ਗੱਲਾਂ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ ਅਸੀਂ ਬਹੁਤ ਸਾਰੇ ਇਨਸਾਨ ਇਸ ਦੇ ਉਲਟ ਚੱਲ ਰਹੇ ਹਾਂ। ਇਹਨਾਂ ਗੱਲਾਂ ਦੀ ਸਮਾਜ ਅੰਦਰ ਕੋਈ ਕਦਰ ਬਾਕੀ ਨਹੀਂ ਰਹੀ । ਇਸ ਦੀ ਬਦੌਲਤ ਹੀ ਸਮਾਜ਼ ਅੰਦਰ ਦੁੱਖਾਂ ਦਾ ਪਸਾਰਾ ਵੱਧ ਰਿਹਾ ਹੈ ।

ਅੱਜ ਜੇਕਰ ਗੱਲ ਕਰੀਏ ਇਨਸਾਨੀ ਜ਼ਿੰਦਗੀਆਂ ਦੀ ਤਾਂ ਉਹ ਵੀ ਹਸਪਤਾਲਾਂ ਦੇ ਅੰਦਰ ਸੰਤਾਪ ਭੋਗ ਰਹੀਆਂ ਹਨ । ਉੱਥੇ ਕਸੂਰ ਕਿਸ ਦਾ ਹੈ ਇਹ ਗੱਲ ਵੀ ਕਿਸੇ ਨੂੰ ਨਹੀਂ ਪਤਾ ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ ਤੋਂ ਆਰੀ ਹੋ ਕੇ ਦਿਨ ਕਟੀ ਕਰ ਰਹੇ ਹਨ ਉੱਥੇ ਕਸੂਰ ਕਿਸਦਾ ਹੈ ਇਸ ਦਾ ਵੀ ਕੋਈ ਸ਼ਾਨੀ ਨਹੀਂ ਹੈ । ਕੋਈ ਵੀ ਆਪਣੀ ਗੱਲ ਮੰਨਣ ਨੂੰ ਤਿਆਰ ਨਹੀਂ ਅਸੀਂ ਸਾਰੇ ਇੱਕ ਦੂਜੇ ਦਾ ਕਸੂਰ ਕੱਢ ਕੇ ਜ਼ਿੰਦਗੀ ਜਿਉਂ ਰਹੇ ਹਾਂ । ਅਸਲ ਵਿੱਚ ਅਸੀਂ ਜ਼ਿੰਦਗੀ ਜਿਉਂਦੇ ਨਹੀਂ ਅਸੀਂ ਜ਼ਿੰਦਗੀ ਭੋਗ ਰਹੇ ਹਾਂ ਕਿਉਂਕਿ ਜ਼ਿੰਦਗੀ ਭੋਗਣ ਅਤੇ ਜ਼ਿੰਦਗੀ ਜਿਉਣ ਵਿੱਚ ਫਰਕ ਹੈ । ਅਸੀਂ ਸਾਰੇ ਅਕਸਰ ਆਖ ਦਿੰਦੇ ਹਾਂ ਕਿ ਇਨਸਾਨ ਰੋਟੀ ਖਾਤਰ ਜਿਉਂਦਾ ਹੈ ਜਦ ਕਿ ਜ਼ਿੰਦਗੀ ਜਿਉਣ ਖਾਤਰ ਰੋਟੀ ਦੀ ਜਰੂਰਤ ਹੁੰਦੀ ਹੈ ਇਹ ਸਦੀਵੀ ਸੱਚ ਹੈ ਔਰ ਸੱਚ ਰਹੇਗਾ ਕੋਈ ਵੀ ਇਨਸਾਨ ਰੋਟੀ ਦੇ ਖਾਤਰ ਜ਼ਿੰਦਗੀ ਨਹੀਂ ਜਿਉਂਦਾ ਜ਼ਿੰਦਗੀ ਜਿਉਣ ਖਾਤਰ ਰੋਟੀ ਦੀ ਜ਼ਰੂਰਤ ਪੈਂਦੀ ਹੈ । ਸਾਨੂੰ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਹੀ ਹੈ ।

ਕੋਈ ਵੀ ਬੱਚਾ ਆਪਣੇ ਪਿਤਾ ਦੀ ਕੋਈ ਵੀ ਗੱਲ ਮੰਨਣ ਨੂੰ ਤਿਆਰ ਨਹੀਂ । ਸਾਰਿਆਂ ਨੂੰ ਇੱਕੋ ਰੱਸੇ ਨਹੀਂ ਬੰਨ ਸਕਦੇ ਹਾਲ ਮੰਦਾ ਹੋ ਚੁੱਕਿਆ ਹੈ । ਇੱਥੇ ਕੋਈ ਵੀ ਗੱਲ ਕਿਸੇ ਦੀ ਨਹੀਂ ਸੁਣਦਾ ਹਰੇਕ ਦਾ ਮਨ ਕਹਿੰਦਾ ਹੈ ਕਿ ਮੈਂ ਸੱਚਾ ਹਾਂ ਤੇ ਦੂਜਾ ਝੂਠਾ ਹੈ ਉਹ ਦੂਜਾ ਕਿਸੇ ਨੂੰ ਅੱਜ ਤੱਕ ਮਿਲਿਆ ਵੀ ਨਹੀਂ ਅਸੀਂ ਸਾਰੇ ਆਪਣੇ ਆਪ ਨੂੰ ਸਹੀ ਠਹਿਰਾ ਕੇ ਖੁਸ਼ੀ ਮਹਿਸੂਸ ਕਰਦੇ ਹਾਂ । ਕਦੇ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਅਸੀਂ ਕਿੱਥੇ ਕੋ ਖੜੇ ਹਾਂ ਅਸੀਂ ਕਿੰਨੇ ਸੱਚੇ ਹਾਂ ਸਾਨੂੰ ਤਾਂ ਇਹ ਵੀ ਨਹੀਂ ਪਤਾ । ਜੇਕਰ ਸਾਰੇ ਸੱਚ ਤੇ ਪਹਿਰਾ ਦੇ ਕੇ ਜ਼ਿੰਦਗੀ ਅੰਦਰ ਇੱਕ ਦੂਜੇ ਦਾ ਨੁਕਸਾਨ ਨਾ ਕਰਨ ਤਾਂ ਜ਼ਿੰਦਗੀ ਕਿੰਨੀ ਹਸੀਨ ਹੋ ਜਾਵੇਗੀ ਕਹਿਣ ਦੀ ਲੋੜ ਨਹੀਂ ਪਰ ਅਸੀਂ ਤਾਂ ਉੱਥੇ ਵੀ ਪਹਿਰਾ ਨਹੀਂ ਦੇ ਰਹੇ ਅਸੀਂ ਮਾਲਕ ਨੂੰ ਵੀ ਝੁਠਲਾਉਂਦੇ ਹਾਂ । ਗੁਰੂ ਸਾਹਿਬ ਨੇ ਕਿੰਨਾ ਸੱਚ ਕਿਹਾ ਹੈ ਕਿ ਨਾਨਕ ਦੁਖੀਆ ਸਭ ਸੰਸਾਰ ਪਰ ਅਸੀਂ ਤਾਂ ਉਸ ਨੂੰ ਵੀ ਮੰਨਣ ਨੂੰ ਤਿਆਰ ਨਹੀਂ ਗੱਲ ਪਤਾ ਨਹੀਂ ਕੀ ਹੈ । ਅਸਲ ਵਿੱਚ ਸਾਡਾ ਹਾਲ ਤਾਂ ਹੁਣ ਇਹ ਹੋ ਚੁੱਕਿਆ ਹੈ ਕਿ ਅਸੀਂ ਆਖਰ ਦੇਖ ਕੇ ਮੁੜਦੇ ਹਾਂ। ਬੱਚੇ ਆਪਣੇ ਪਿਤਾ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਅਤੇ ਪਿਤਾ ਬੱਚਿਆਂ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਇਹ ਕੁਦਰਤੀ ਵਰਤਾਰਾ ਹੈ ਜਾਂ ਸਾਡੀਆਂ ਬਣਾਈਆਂ ਹੋਈਆਂ ਗੱਲਾਂ ਇਹ ਵੀ ਕਿਸੇ ਨੂੰ ਕੁਝ ਨਹੀਂ ਪਤਾ । ਅਸਲ ਵਿੱਚ ਇਹ ਸਾਡੀ ਜ਼ਿੰਦਗੀ ਦਾ ਦਸਤੂਰ ਨਹੀਂ ਸੀ ਜੋ ਅਸੀਂ ਬੇਕਸੂੰਨ ਤੇ ਪਾਲ ਰਹੇ ਹਾਂ ਜ਼ਿੰਦਗੀ ਕੀ ਸੀ ਇਹ ਵੀ ਕਿਸੇ ਨੂੰ ਗਿਆਨ ਹੋਣ ਦੇ ਬਾਵਜੂਦ ਕੋਈ ਵੀ ਮੰਨਣ ਨੂੰ ਤਿਆਰ ਨਹੀਂ ਕਿ ਸਾਡੀ ਜ਼ਿੰਦਗੀ ਪਹਿਲਾਂ ਕੀ ਸੀ ਅਤੇ ਕੀ ਹੋਣੀ ਚਾਹੀਦੀ ਹੈ ਅਸੀਂ ਤਾਂ ਹੋਰ ਹੀ ਰਾਹ ਪੈ ਚੁੱਕੇ ਹਾਂ ਦੁਨੀਆਂ ਝੂਠ ਦੀ ਬਣ ਕੇ ਰਹਿ ਗਈ ਹੈ ਕੋਈ ਵੀ ਕਿਸੇ ਦੀ ਮੰਨਣ ਨੂੰ ਤਿਆਰ ਨਹੀਂ । ਮੈਂ ਸੱਚਾ, ਮੈਂ ਵੱਡਾ, ਮੈਂ ਅਮੀਰ ਦੀ ਰੱਟ ਨੇ ਪੰਜਾਬੀਆਂ ਦਾ ਭਾਰੀ ਨੁਕਸਾਨ ਕੀਤਾ ਹੈ ਇਹ ਗੱਲ ਵਿਦੇਸ਼ਾਂ ਅੰਦਰ ਵੀ ਚੱਲ ਰਹੀ ਹੈ ਅਤੇ ਇੱਥੇ ਵੀ ਚੱਲ ਰਹੇ ਹੈ । ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਪਤਾ ਨਹੀਂ ਕਿਉਂ ਕੋਈ ਮੰਨਣ ਨੂੰ ਤਿਆਰ ਨਹੀਂ ਹੈ । ਪੰਜਾਬੀ ਨੂੰ ਹਮੇਸ਼ਾ ਕੁਦਰਤ ਦੇ ਨੇੜੇ ਮੰਨਿਆ ਜਾਂਦਾ ਸੀ ਪਰ ਪੰਜਾਬੀਆਂ ਨੇ ਅੱਜ ਜੋ ਹਾਲ ਆਪਣਾ ਕੀਤਾ ਹੈ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ ।

ਆਓ ਸਾਰੇ ਜੇਕਰ ਇੱਕ ਗੱਲ ਲੜ ਬੰਨ ਕੇ ਚੱਲੀਏ ਕਿ ਅਸੀਂ ਗੁਰੂ ਸਾਹਿਬ ਦੇ ਫਲਸਫੇ ਤੋਂ ਸੇਧ ਲੈ ਕੇ ਆਪਣੀ ਜ਼ਿੰਦਗੀ ਅੰਦਰ ਕੁਝ ਚੰਗਾ ਕਰਨਾ ਹੈ ਤਾਂ ਹੀ ਅਸੀਂ ਅਸਲ ਜ਼ਿੰਦਗੀ ਵਿੱਚ ਪਾਸ ਹੋ ਸਕਾਂਗੇ ਨਹੀਂ ਤਾਂ ਅਸੀਂ ਰਾਹ ਦੇ ਰੋੜੇ ਬਣ ਕੇ ਠੇਡੇ ਖਾਂਦੇ ਜਾਵਾਂਗੇ । ਇਹ ਦਸਤੂਰ ਹੈ । ਨਸੇ ਪੱਤੇ ਦਾ ਤਿਆਗ ਕਰਕੇ ਗੁਰੂ ਸਾਹਿਬ ਦੀ ਬਾਣੀ ਪੜ੍ਹ ਕੇ ਜ਼ਿੰਦਗੀ ਅੰਦਰ ਵਧੀਆ ਜ਼ਿੰਦਗੀ ਜਿਉ ਸਕਦੇ ਹਾਂ । ਜੇਕਰ ਅੱਜ ਇਨਸਾਨ ਨੂੰ ਦੁੱਖ ਹਨ ਤਾਂ ਉਸ ਦੇ ਆਪਣੇ ਹੱਥੀ ਸਹੇੜੇ ਹਨ ਨਸਾ ਕਿਸ ਨੇ ਖਾਣ ਨੂੰ ਕਿਹਾ ਪੈਸੇ ਦੀ ਭੁੱਖ ਸੀ ਇੰਨੀ ਵਧਾ ਲਈ ਕਿ ਅਸੀਂ ਵਿਦੇਸ਼ਾਂ ਅੰਦਰ ਆ ਕੇ ਠੱਗੀਆਂ ਮਾਰਨ ਤੋਂ ਬਾਜ ਨਹੀਂ ਆਉਂਦੇ ਇਹਨਾਂ ਗੱਲਾਂ ਲਈ ਜ਼ਿੰਮੇਵਾਰ ਕੌਣ ਹੈ । ਸਾਨੂੰ ਕਿਸ ਨੇ ਕਿਹਾ ਸੀ ਕਿ ਅਸੀਂ ਆਪਣੇ ਘਰ ਵਾਰ ਵੱਡੇ ਵੱਡੇ ਕਰ ਲਈਏ । ਵੱਡੀਆਂ ਗੱਡੀਆਂ ਲੈ ਲਈਏ । ਕਰੋੜਾਂ ਦੀ ਸੰਪਤੀ ਬਣਾ ਕੇ ਵੀ ਸਾਨੂੰ ਚੈਨ ਨਹੀਂ ਆਉਂਦੀ । ਇਹ ਗੱਲ ਠੀਕ ਨਹੀਂ, ਕਿਉਂਕਿ ਸਾਡਾ ਸੱਭਿਆਚਾਰ ਕਦੇ ਵੀ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ । ਅਸਲ ਗੱਲ ਤਾਂ ਗੁਰੂ ਸਾਹਿਬ ਦੇ ਫਲਸਫੇ ਨਾਲ ਜੁੜ ਕੇ ਹੀ ਬਣਨੀ ਹੈ ।

ਨਿਰਪੱਖਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਲੇਖਕ - ਸ਼ਿੰਦਰ ਸਿੰਘ ਮੀਰਪੁਰੀ
5592850841

# ਭਾਰਤ ਦਾ ਮਾਨਚੈਸਟਰ ਅਹਿਮਦਾਬਾਦ



ਗੁਰਪ੍ਰੀਤ ਪਸ਼ੌਰੀਆ
81462-11644

ਗੁਜਰਾਤ ਦਾ ਦਿਲ ਕਿਹਾ ਜਾਣ ਵਾਲਾ ਅਹਿਮਦਾਬਾਦ ਸ਼ਹਿਰ ਗੁਜਰਾਤ ਦਾ ਸਭ ਤੋਂ ਵੱਡਾ ਸ਼ਹਿਰ ਹੈ। ਅਪਣੇ ਵੱਡੇ ਉਦਯੋਗਾਂ ਕਾਰਨ *ਭਾਰਤ ਦੇ ਮਾਨਚੈਸਟਰ* ਵਜੋਂ ਪ੍ਰਸਿੱਧ ਇਹ ਸ਼ਹਿਰ ਗੁਜਰਾਤ ਦੀ ਆਰਥਿਕ ਰਾਜਧਾਨੀ ਵਜੋਂ ਪ੍ਰਸਿੱਧ ਹੈ। ਸਾਬਰਮਤੀ ਨਦੀ ਦੇ ਕਿਨਾਰੇ ਵਸਿਆ ਲਗਭਗ 51 ਲੱਖ ਦੀ ਅਬਾਦੀ ਵਾਲਾ ਅਹਿਮਦਾਬਾਦ 1976 ਈ: ਵਿੱਚ ਗਾਂਧੀਨਗਰ ਦੇ ਰਾਜਧਾਨੀ ਬਨਣ ਤੋਂ ਪਹਿਲਾਂ ਗੁਜਰਾਤ ਦੀ ਰਾਜਧਾਨੀ ਹੁੰਦਾ ਸੀ। ਇਤਿਹਾਸ ਦੀ ਜੇ ਗੱਲ ਕਰੀਏ ਤਾਂ ਇੱਥੇ ਅਬਾਦੀ ਪੁਰਾਣੇ ਸਮਿਆਂ ਤੋਂ ਵਸਦੀ ਸੀ ਪਰ ਮੌਜੂਦਾ ਸ਼ਹਿਰ ਦੀ ਸਥਾਪਨਾ 1411 ਈ: ਵਿੱਚ ਸੁਲਤਨ ਅਹਿਮਦ ਸ਼ਾਹ ਨੇ ਕੀਤੀ ।

ਇਸ ਵਾਰ ਗੁਜਰਾਤ ਯਾਤਰਾ ਦੌਰਾਨ ਅਹਿਮਦਾਬਾਦ ਨੂੰ ਦੇਖਣ ਦਾ ਸਬੱਬ ਬਣਿਆ। ਯੂਨੈਸਕੋ ਵੱਲੋਂ ਅਹਿਮਦਾਬਾਦ ਨੂੰ ਭਾਰਤ ਦਾ ਪਹਿਲਾ ਅਤੇ ਏਸੀਆ ਦਾ ਤੀਜਾ ਵਿਸ਼ਵਵਿਰਾਸਤ ਸ਼ਹਿਰ ਘੋਸ਼ਿਤ ਕੀਤਾ ਗਿਆ ਹੈ। ਅਹਿਮਦਾਬਾਦ ਵਿੱਚ ਦੇਖਣ ਵਾਲੀਆਂ ਬਹੁਤ ਸਾਰੀਆਂ ਥਾਵਾਂ ਹਨ ।ਧਾਰਮਿਕ, ਇਤਿਹਾਸਕ, ਸੱਭਿਆਚਾਰਕ, ਵਪਾਰਕ, ਕੁਦਰਤੀ ਖ਼ੂਬਸੂਰਤੀ ਅਤੇ ਵੰਨ ਸੁਵੰਨਤਾ ਵਾਲੀਆਂ ਥਾਵਾਂ ਕਾਰਨ ਅਹਿਮਦਾਬਾਦ ਹਰ ਤਰਾਂ ਦੇ ਸੈਲਾਨੀਆਂ ਵਿੱਚ ਕਾਫੀ ਪ੍ਰਸਿੱਧ ਹੈ। ਰਾਣੀ ਕੀ ਬਾਵ ਅਤੇ ਮੁਢੇਰਾ ਦਾ ਸੂਰਜ ਮੰਦਰ ਦੇਖਣ ਤੋਂ ਬਾਅਦ ਅਸੀਂ ਅਹਿਮਦਾਬਾਦ ਦੇਖਦੇ ਹਾਂ।

ਅਹਿਮਦਾਬਾਦ ਵੱਡਾ ਸ਼ਹਿਰ ਹੈ ਤੁਸੀਂ ਇਸ ਨੂੰ ਆਪਣੀ ਸੁਵਿਧਾ ਅਤੇ ਸਮੇਂ ਮੁਤਾਬਕ ਪਬਲਿਕ ਟਰਾਂਸਪੋਰਟ ਜਾਂ ਟੈਕਸੀ ਕਾਰ ਰਾਹੀਂ ਘੁੰਮ ਸਕਦੇ ਹੋ ਪਰ ਸਭ ਤੋਂ ਸਸਤਾ ਅਤੇ ਸੁਵਿਧਾਜਨਕ ਤਰੀਕਾ ਗੁਜਰਾਤ ਟੂਰਿਜਮ ਦੀ ਸਿਟੀ ਟੂਰ ਬੱਸ ਰਾਹੀਂ ਘੁੰਮਣਾ ਹੈ। ਡਬਲਡੈਕਰ ਬੱਸ ਦੇਖੋ ਅਹਿਮਦਾਬਾਦ (ਜੋ ਉੱਪਰੋਂ ਖੁੱਲੀ ਹੈ) ਦਿਨ ਵਿੱਚ ਦੋ ਵਾਰ (ਸਵੇਰੇ 08 ਤੋਂ 1 ਅਤੇ ਸ਼ਾਮ 1:30 ਤੋਂ 9:30 ) ਸਾਬਰਮਤੀ ਆਸ਼ਰਮ ਦੇ ਸਾਹਮਣੇ ਬਣੇ ਹੋਟਲ ਤੋਰਨ ਤੋਂ ਚਲਦੀ ਹੈ ਜੋ ਪੰਜ ਸੌ ਰੁਪਏ ਪ੍ਰਤੀ ਸਵਾਰੀ ਕਿਰਾਏ ਨਾਲ਼ ਅਹਿਮਦਾਬਾਦ ਦੇ ਸਾਰੇ ਮਹੱਤਵਪੂਰਣ ਥਾਂ ਅਪਣੇ ਤਜੁਰਬੇਕਾਰ ਗਾਇਡ ਨਾਲ਼ ਘੁੰਮਾ ਦਿੰਦੀ ਹੈ। ਪੈਦਲ ਤੁਰਨ ਦੇ ਸ਼ੌਕੀਨਾਂ ਲਈ ਗੁਜਰਾਤ ਟੂਰਿਜਮ ਵੱਲੋਂ ਵਿਰਾਸਤੀ ਸੈਰ ( ) ਦਾ ਪ੍ਰਬੰਧ ਹੈ 200 ਰੁਪਏ ਵਿੱਚ 7:45 ਤੋਂ 10:30 ਤੱਕ ਗਾਇਡ ਤੁਹਾਨੂੰ ਜਾਣਕਾਰੀ ਦਿੰਦੇ ਹੋਏ ਸੈਰ-ਸੈਰ ਵਿੱਚ 20-22 ਵਿਰਾਸਤੀ ਥਾਵਾਂ ਘੁੰਮਾ ਦਿੰਦਾ ਹੈ। ਸਾਡੀ ਵਿਉਂਤਬੰਦੀ ਸਮਾਂ ਦੀ ਮੰਗ ਅਨੁਸਾਰ ਹੋਰ ਤਰ੍ਹਾਂ ਦੀ ਹੋਣ ਕਾਰਨ ਅਸੀਂ ਕਾਰ ਰਾਹੀਂ ਘੁੰਮੇ।

ਅਹਿਮਦਾਬਾਦ ਵਿੱਚ ਵੇਖਣ ਯੋਗ ਏਨੀਆਂ ਥਾਵਾਂ ਹਨ ਕਿ ਜਿਸ ਨੂੰ ਇਕ ਦਿਨ ਵਿਚ ਨਹੀਂ ਦੇਖਿਆ ਜਾ ਸਕਦਾ। ਸਾਬਰਮਤੀ ਆਸ਼ਰਮ ,ਕਾਂਕਰੀਆ ਝੀਲ, ਤੀਨ ਦਰਵਾਜ਼ਾ, ਜਾਮਾ ਮਸਜਿਦ , ਸਰਖੇਜ ਰੋਜਾ, ਰਾਣੀ ਕਾ ਹਜ਼ੀਰਾ ,ਸਿੱਧੀ ਸਈਅਦ ਜਾਲ਼ੀ, ਹਠੀਸਿੰਗ ਜੈਨ ਮੰਦਰ, ਝੂਲਦੇ ਮਨਾਰ, ਅਡਾਲਜ ਦੀ ਬਾਵ , ਭਾਦਰਾ ਦਾ ਕਿਲ੍ਹਾ, ਸਾਇੰਸ ਸਿਟੀ ,ਰਿਵਰ ਫਰੰਟ, ਮਾਣਕ ਚੌਕ ਆਦਿ ਪ੍ਰਸਿੱਧ ਥਾਵਾਂ ਹਨ ਪਰ ਸੀਮਤ ਸਮਾਂ ਹੋਣ ਕਾਰਨ ਅਸੀਂ ਕੁਝ ਚੌਣਵੀਆਂ ਥਾਵਾਂ ਵੇਖਦੇ ਹਾਂ।

ਸਭ ਤੋਂ ਪਹਿਲਾਂ ਅਸੀਂ ਸਾਬਰਮਤੀ ਆਸ਼ਰਮ ਵੇਖਣ ਜਾਂਦੇ ਹਾਂ । ਸਾਬਰਮਤੀ ਨਦੀ ਕਿਨਾਰੇ ਬਣਿਆ ਸਾਬਰਮਤੀ ਜਾਂ ਗਾਂਧੀ ਆਸ਼ਰਮ ਬਹੁਤ ਵੱਡੇ ਖੇਤਰ ਵਿੱਚ ਬਣਿਆ ਹੈ ਜਿਸਦਾ ਨਿਰਮਾਣ ਮਹਾਤਮਾ ਗਾਂਧੀ ਨੇ 1915 ਈ: ਵਿੱਚ ਕੀਤਾ ਸੀ। 1933 ਈਸਵੀ ਤੱਕ ਮਹਾਤਮਾ ਗਾਂਧੀ ਇੱਥੇ ਰਹੇ ।ਇੱਥੋਂ ਹੀ ਉਨ੍ਹਾਂ ਨੇ ਡਾਂਡੀ ਯਾਤਰਾ ਦੀ ਸੁਰੂਆਤ ਕੀਤੀ ਸੀ ਅੱਜਕੱਲ੍ਹ ਆਸ਼ਰਮ ਚ ਲਾਇਬਰੇਰੀ, ਅਜਾਇਬਘਰ, ਕਿਤਾਬ ਘਰ ,ਖਾਦੀ ਵਸਤਾਂ ਦੀ ਦੁਕਾਨ ਅਤੇ ਮਹਾਤਮਾ ਗਾਂਧੀ ਦੀ ਜ਼ਿੰਦਗੀ ਨਾਲ ਸਬੰਧਤ ਦਸਤਾਵੇਜ਼ ਅਤੇ ਚੀਜਾਂ ਸੰਭਾਲ ਕੇ ਰੱਖੇ ਗਏ ਹਨ।

ਇਸ ਤੋਂ ਬਾਅਦ ਅਸੀਂ ਅਹਿਮਦਾਬਾਦ ਸ਼ਹਿਰ ਤੋਂ ਬਾਹਰ ਬਣੀ ਪ੍ਰਮੁੱਖ ਇਤਿਹਾਸਕ ਇਮਾਰਤ *ਅੜਾਲਜ ਦੀ ਬਾਵ* ਦੇਖਣ ਜਾਂਦੇ ਹਾਂ । ਭਾਰਤੀ ਪੁਰਾਤੱਤਵ ਸਰਵੇਖਣ ਦੀ ਦੇਖ ਰੇਖ ਅਧੀਨ ਇਸ ਸਮਾਰੋਹ ਵਿਚ ਜਾਣ ਲਈ ਤਿੰਨ ਪਾਸਿਓਂ ਰਾਹ ਹਨ । ਬਘੇਲਾ ਸਾਮਰਾਜ ਦੇ ਰਾਜੇ ਬੀਰ ਸਿੰਘ ਦੀ ਪਤਨੀ ਰੁਦਾਬਾਈ ਦੁਆਰਾ ਆਪਣੇ ਪਤੀ ਦੀ ਯਾਦ ਵਿੱਚ ਬਣਾਇਆ ਇਹ ਇੱਕ ਪੌੜੀਦਾਰ ਖੂਹ ਹੈ ਜਿਸ ਦੀ ਵਾਸਤੂਕਲਾ ਕਮਾਲ ਦੀ ਹੈ। ਧਰਤੀ ਦੀ ਸਤਹਿ ਤੋਂ ਹੇਠਾਂ ਪਾਣੀ ਦੇ ਤਲ ਤਕ ਜਾਣ ਲਈ ਪੰਜ ਮੰਜਲਿਾਂ ਬਣੀਆਂ ਹਨ ਜਿਨ੍ਹਾਂ ਵਿਚੋਂ ਪੌੜੀਆਂ ਹੇਠਾਂ ਵੱਲ ਉਤਰਦੀਆਂ ਹਨ । ਪਹਿਲੀ ਮੰਜਲਿ ਤੇ 16 ਖੰਭਿਆਂ ਵਾਲਾ ਮੰਚ ਬਣਿਆ ਹੈ ਜਿਸ ਦੀ ਛੱਤ ਅਸ਼ਟਭੁਜਾਕਾਰ ਹੈ। ਬਾਵ ਦੇ ਦੋਵੇਂ ਪਾਸੇ ਬਣੇ ਥਮ੍ਹਲਿਆਂ ਉੱਪਰ ਸ਼ਾਨਦਾਰ ਨੱਕਾਸ਼ੀ ਕੀਤੀ ਗਈ ਅਤੇ ਇਤਿਹਾਸ ਮਿਥਿਹਾਸ ਦੀਆਂ ਕਈ ਸ਼ਾਨਦਾਰ ਮੂਰਤਾਂ ਬਣਾਈਆਂ ਹਨ। ਅਨੋਖੀ ਵਾਸਤੂ ਸਰੰਚਨਾ ਕਾਰਨ ਬਾਵ ਵਿਚ ਸੂਰਜ ਦੀ ਰੋਸ਼ਨੀ ਅਤੇ ਗਰਮ ਹਵਾ ਬਹੁਤ ਘੱਟ ਪ੍ਰਭਾਵ ਕਰਦੀ ਹੈ ਜਿਸ ਨਾਲ ਅੰਦਰ ਦਾ ਤਾਪਮਾਨ ਬਾਹਰ ਦੇ ਮੁਕਾਬਲੇ ਘੱਟ ਰਹਿੰਦਾ ਹੈ । ਬਾਵ ਵਿੱਚ ਪਾਣੀ ਅੱਜ ਵੀ ਮੌਜੂਦ ਹੈ ਪਰ ਉਹ ਕਾਫੀ ਗੰਦਾ ਤੇ ਦੂਸ਼ਿਤ ਲੱਗਦਾ ਹੈ । ਇਸ ਵਿੱਚ ਕੀਤੀ ਗਈ ਨਕਾਸ਼ੀ ਦੇਖਣਯੋਗ ਹੈ।

ਸ਼ਾਮ ਸਮੇਂ ਸਾਬਰਮਤੀ ਨਦੀ ਦੇ ਕਿਨਾਰੇ ਤੇ ਖੜ੍ਹ ਕੇ ਦੇਖਦਿਆਂ ਅਹਿਮਦਾਬਾਦ ਬਹੁਤ ਖੂਬਸੂਰਤ ਲਗਦਾ ਹੈ। ਨਦੀ ਸ਼ਹਿਰ ਦੇ ਬਿਲਕੁਲ ਵਿਚਕਾਰ ਦੀ ਲੰਘਦੀ ਹੈ ਜਿਸ ਉਪਰ ਸ਼ਹਿਰ ਦੇ ਦੋਵੇਂ ਪਾਸਿਆਂ ਨੂੰ ਜੋੜਦੇ ਦਸ ਪੁਲ਼ ਬਣੇ ਹਨ ਜਿਨ੍ਹਾਂ ਚੋਂ ਲੋਹੇ ਦਾ ਬਣਿਆ ਅੰਗਰੇਜ਼ਾਂ ਵੇਲੇ ਦਾ ਪੁਲ ਅੱਜ ਵੀ ਦੇਖਣਯੋਗ ਹੈ । ਇਹ ਸ਼ਹਿਰ ਬਿਲਕੁਲ ਉਸੇ ਤਰ੍ਹਾਂ ਬਣਿਆ ਹੈ ਜਿਸ ਤਰ੍ਹਾਂ ਥੇਮਜ ਨਦੀ ਦੇ ਕਿਨਾਰੇ ਲੰਡਨ ਸ਼ਹਿਰ ਵਸਿਆ ਹੈ ।

ਸ਼ਾਮ ਸਮੇਂ *ਕਾਂਕਰੀਆ ਝੀਲ* ਦੀ ਰੌਣਕ ਦੇਖਣਯੋਗ ਹੁੰਦੀ ਹੈ । ਅਹਿਮਦਾਬਾਦ ਦੇ ਬਿਲਕੁਲ ਵਿਚਕਾਰ ਬਣੀ ਇਹ ਝੀਲ ਬਹੁਤ ਖ਼ੂਬਸੂਰਤ ਹੈ। ਸ਼ਾਮ ਸਮੇਂ ਰੰਗ- ਬਿਰੰਗੀਆਂ ਰੌਸ਼ਨੀਆਂ ਵਿੱਚ ਝੀਲ ਵਿੱਚ ਤੈਰਦੀਆਂ ਕਿਸਤੀਆਂ ਤੇ ਸ਼ਿਕਾਰੇ ਇਸ ਦੀ ਰੌਣਕ ਨੂੰ ਚਾਰ ਚੰਦ ਲਾਉਂਦੇ ਹਨ । ਕਾਂਕਰੀਆ ਝੀਲ ਗੋਲ ਬਨਾਵਟ ਵਿਚ ਬਣੀ ਹੈ ਜਿਸ ਦੇ ਚੁਫੇਰੇ ਬੱਚਿਆਂ ਲਈ ਟ੍ਰਆਏ ਟਰੇਨ ਚੱਲਦੀ ਹੈ। ਝੀਲ ਦੇ ਵਿਚਕਾਰ ਟਾਪੂ ਬਣਿਆ ਹੈ ਜਿਸ ਨੂੰ ਨਗੀਨਾ ਵਾੜੀ ਆਖਦੇ ਹਨ ।ਇੱਥੇ ਛੋਟਾ ਜਿਹਾ ਚਿੜੀਆਘਰ ਬਣਾਇਆ ਗਿਆ ਹੈ। *ਦਿਲਚਸਪ ਗੱਲ ਇਹ ਹੈ ਕਿ ਭਾਰਤੀ ਸਟੇਟ ਬੈਂਕ ਦਾ ਲੋਗੋ ਇਸ ਝੀਲ ਦੇ ਹਵਾਈ ਚਿੱਤਰ ਅਨੁਸਾਰ ਬਣਦੇ ਨਕਸ਼ੇ ਤੋਂ ਹੀ ਲਿਆ ਹੈ* ।

ਝੀਲ ਤੋਂ ਵਾਪਸ ਆਉਂਦਿਆਂ ਰਾਤ ਹੋ ਜਾਂਦੀ ਹੈ ਰਾਤ ਸਮੇਂ ਅਹਿਮਦਾਬਾਦ ਵਿੱਚ ਵੱਖ ਵੱਖ ਗੁਜਰਾਤੀ ਖਾਣਿਆਂ ਦਾ ਆਨੰਦ ਲੈਣ ਲਈ ਸਭ ਤੋਂ ਮਸ਼ਹੂਰ ਥਾਂ ਮਾਣਕ ਚੌਕ ਹੈ । ਮਾਣਕ ਚੌਂਕ ਸ਼ਹਿਰ ਦੇ ਪੁਰਾਣੇ ਅਹਿਮਦਾਬਾਦ ਸ਼ਹਿਰ ਦੇ ਬਿਲਕੁਲ ਵਿਚਕਾਰ ਹੈ ਇਸ ਲਈ ਇਹ ਬਹੁਤ ਭੀੜ ਭਾੜ ਵਾਲੀ ਜਗ੍ਹਾ ਹੈ। ਗੱਡੀ ਦੂਰ ਪਾਰ ਕਰਕੇ ਪੈਦਲ ਹੀ ਇੱਥੇ ਪਹੁੰਚਦੇ ਹਾਂ। ਮਾਣਕ ਚੌਂਕ ਦਾ ਨਜ਼ਾਰਾ ਦੇਖਣਯੋਗ ਹੈ ਆਲੇ ਦੁਆਲੇ ਖਾਣ ਵਾਲੀਆਂ ਰੇਹੜੀਆਂ ਦੁਕਾਨਾਂ ਤੇ ਲੋਕਾਂ ਦੀ ਭੀੜ ਹੈ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਏ ਜਾ ਰਹੇ ਹਨ । ਗੁਜਰਾਤੀ ਖਾਣੇ, ਗਾਟੀਆ, ਖਾਮਣ, ਢੋਕਲਾ, ਫਾਫੜਾ, ਜਲੇਬੀਆਂ, ਬਾਸੂੰਦੀ, ਖਾਖਰਾ, ਪਾਉ ਭਾਜੀ ਗੱਲ ਕਿ ਤਰ੍ਹਾਂ ਤਰ੍ਹਾਂ ਦੀਆਂ ਮਿਠਾਈਆਂ ਅਤੇ ਹੋਰ ਸਟਰੀਟ ਫੂਡ ਲਈ ਪ੍ਰਸਿੱਧ ਮਾਣਕ ਚੌਂਕ ਦੇ ਆਪਣੇ ਹੀ ਅਨੋਖੇ ਰੰਗ ਹਨ। ਸਵੇਰ ਵੇਲੇ ਇੱਥੇ ਸਬਜ਼ੀ ਮੰਡੀ, ਦੁਪਹਿਰ ਵੇਲੇ ਇੱਥੇ ਸਰਾਫਾ ਬਾਜਾਰ ਅਤੇ ਰਾਤ ਸਮੇਂ ਖਾਣੇ ਦਾ ਬਾਜਾਰ ਲਗਦਾ ਹੈ। ਇੱਕੋ ਥਾਂ ਦਿਨ ਵਿੱਚ ਤਿੰਨ ਰੰਗ ਬਦਲਦੀ ਹੈ ।

ਮਾਣਕ ਚੌਂਕ ਚੋਂ ਵੰਨ ਸੁਵੰਨੇ ਖਾਣੇ ਖਾ ਕੇ ਅਸੀਂ ਆਪਣੇ ਕਮਰੇ ਵਿੱਚ ਆ ਕੇ ਆਰਾਮ ਕਰਦੇ ਹਾਂ ਤੇ ਅਗਲੀ ਸਵੇਰ ਨਵੇਂ ਸਫਰ ਲਈ ਰਵਾਨਾ ਹੋ ਜਾਂਦੇ ਹਾਂ। ਪ੍ਰਾਚੀਨਤਾ ਤੇ ਆਧੁਨਿਕਤਾ ਦੇ ਸੁਮੇਲ ਵਿੱਚ ਰੰਗਿਆ ਅਹਿਮਦਾਬਾਦ ਵੇਖਣ ਵਾਲੇ ਦੇ ਮਨ ਨੂੰ ਮੋਹ ਲੈਂਦਾ ਹੈ ।





## 15 ਨਵੰਬਰ ਜਨਮ ਦਿਨ ਤੇ ਵਿਸ਼ੇਸ਼ ਲੇਖ

# ਪੰਜਾਬੀ ਗਾਇਕੀ ਨੂੰ ਨਵਾਂ ਰੰਗ ਚਾੜ੍ਹਨ ਵਾਲਾ ਕਲੀਆਂ ਦਾ ਬਾਦਸ਼ਾਹ ਕੁਲਦੀਪ ਮਾਣਕ

ਜਿਸ ਟਾਇਮ ਦੋਗਾਣਾ ਗਾਇਕੀ ਦਾ ਦੌਰ ਪੂਰੇ ਜੋਬਨ ਤੇ ਚਲਦਾ ਸੀ ਉਸ ਟਾਇਮ ਕਲੀਆਂ ਅਤੇ ਲੋਕ ਗਥਾਵਾਂ ਵੱਲ ਸਰੋਤਿਆਂ ਦਾ ਮੁੱਖ ਮੋੜਨ ਵਾਲੇ ਗਾਇਕ ਕੁਲਦੀਪ ਮਾਣਕ ਦਾ ਜਨਮ 15 ਨਵੰਬਰ 1951 ਨੂੰ ਪਿੰਡ ਜਲਾਲ ਜਿਲ੍ਹਾ ਬਠਿੰਡਾ ਵਿਖੇ ਨਿੱਕਾ ਖ਼ਾਨ ਦੇ ਘਰ ਸ੍ਰੀ ਮਤੀ ਬਚਨ ਖ਼ਾਨ ਦੀ ਕੁਖੋਂ ਹੋਇਆ।

ਜਦ ਇਹ ਵੱਡਾ ਹੋਇਆ ਇਸ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਲਾ ਦਿੱਤਾ ਗਿਆ।ਇੱਕ ਦਿਨ ਸਕੂਲ ਵਿੱਚ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਆਏ। ਮਾਸਟਰ ਲਾਲ ਸਿੰਘ ਅਤੇ ਹੈਡਮਾਸਟਰ ਕਸ਼ਮੀਰਾ ਸਿੰਘ ਵਲਟੋਹਾ ਦੀ ਹੱਲਾ ਸ਼ੇਰੀ ਸਦਕਾ ਕੁਲਦੀਪ ਮਾਣਕ ਨੇ ਮੁੱਖ ਮੰਤਰੀ ਨੂੰ ਗੀਤ ਸੁਣਾ ਦਿੱਤਾ 'ਜੱਟਾ ਓ ਸੁਣ ਭੋਲਿਆ ਜੱਟਾ ਤੇਰੇ ਸਿਰ ਵਿੱਚ ਪੈਂਦਾ ਘੱਟਾ

ਵਿਹਲੜ ਬੰਦੇ ਮੌਜਾਂ ਮਾਣਦੇ'

ਕੁਲਦੀਪ ਮਾਣਕ ਦਾ ਜਨਮ ਵੇਲੇ ਦਾ ਨਾਮ ਲਤੀਫ਼ ਮੁਹੰਮਦ ਖ਼ਾਨ ਸੀ ਮੁੱਖ ਮੰਤਰੀ ਨੇ ਇਸ ਗੀਤ ਤੋਂ ਖੁਸ਼ ਹੋ ਕੇ ਮਾਣਕ ਦਾ ਖ਼ਿਤਾਬ ਦੇ ਦਿੱਤਾ।ਇਹ 5 ਜਮਾਤਾਂ ਹੀ ਪਾਸ ਸੀ ਅਤੇ 6 ਵੀ ਜਮਾਤ ਵਿਚੋਂ ਪੜ੍ਹਨੋ ਹਟ ਗਿਆ।

ਕੁਲਦੀਪ ਮਾਣਕ ਪਿੰਡ ਵਿੱਚ ਬਣੇ ਸੰਤ ਕਰਨੈਲ ਦਾਸ ਬਿਬੇਕ ਆਸ਼ਰਮ ਵਿਚ ਪੱਕੇ ਤੌਰ ਤੇ ਰਹਿਣ ਲੱਗ ਪਿਆ ਉੱਥੇ ਹੀ ਸੰਤਾਂ ਨੇ ਡੇਰੇ ਦਾ ਪਹਿਰਾਵਾ ਪਵਾ ਕੇ ਥਾਪੜਾ ਦੇ ਦਿੱਤਾ ਸੀ ਇਸ ਦਾ ਨਾਮ ਕੁਲਦੀਪ ਰੱਖ ਦਿੱਤਾ ਉਹਨਾਂ ਕਿਹਾ ਇਹ ਕੁੱਲ ਦਾ ਦੀਪ ਹੈ ਇਹ ਜਿੱਧਰ ਵੀ ਜਾਵੇਗਾ ਉੱਧਰ ਹੀ ਚਾਨਣ ਬਖੇਰੇਗਾ! ਇਸ ਕਰਕੇ ਇਹ ਕੁਲਦੀਪ ਮਾਣਕ ਬਣ ਗਿਆ।ਕੁਲਦੀਪ ਮਾਣਕ ਕੁੱਝ ਸਮਾ ਆਸ਼ਰਮ ਵਲੋਂ ਲੋਕਾਂ ਦੇ ਘਰਾਂ ਵਿੱਚ ਪ੍ਰੋਗਰਾਮਾਂ ਤੇ ਵੀ ਜਾਂਦਾ ਰਿਹਾ।ਗੀਤਕਾਰ ਕਰਨੈਲ ਜਲਾਲ ਨੇ ਕੁਲਦੀਪ ਮਾਣਕ ਦੀ ਆਵਾਜ ਵੇਖ ਕੇ ਇਸ ਨੂੰ ਗਾਇਕੀ ਦੇ ਖੇਤਰ ਵੱਲ ਪ੍ਰੇਰਿਤ ਕੀਤਾ।ਕੁਲਦੀਪ ਮਾਣਕ ਸੰਤਾ ਤੋਂ ਅਸ਼ੀਰਵਾਦ ਲੈ ਕੇ ਗਾਇਕੀ ਵੱਲ ਕੁੱਦ ਪਿਆ।

1965 ਵਿੱਚ ਜਦ ਕੁਲਦੀਪ ਮਾਣਕ ਦੀ ਉਮਰ 15 ਕੁ ਸਾਲ ਸੀ ਤਾਂ ਇਹ ਪਿੰਡ ਤੋਂ ਦੋ ਜਾਣੇ ਆਪਣੇ ਘਰਦਿਆਂ ਨਾਲ ਗੁੱਸੇ ਹੋ ਕੇ ਆਪਣੀ ਰਿਸ਼ਤੇਦਾਰੀ ਵਿੱਚ, ਗੀਤਕਾਰ ਅਤੇ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ ਦੇ ਪਿੰਡ ਤਲਵੰਡੀ ਕਲਾਂ (ਲੁਧਿਆਣਾ) ਵਿਖੇ ਚਲੇ ਗਏ।ਅਮਰੀਕ ਤਲਵੰਡੀ ਨੇ ਕਿਹਾ ਮੈਨੂੰ ਸਾਡੇ ਪਿੰਡ ਦੇ ਸੱਜਣ ਸਿੰਘ ਨੇ ਦੱਸਿਆ ਸਾਡੇ ਘਰ ਦੋ ਮੁੰਡੇ ਆਏ ਹਨ ਉਹਨਾਂ ਵਿਚੋ ਇੱਕ ਵਧੀਆ ਗਾ ਲੈਂਦਾ ਹੈ ਅਮਰੀਕ ਤਲਵੰਡੀ ਨੂੰ ਵੀ ਗਾਉਣ ਦਾ ਸ਼ੌਕ ਸੀ ਉਸ ਕਿਹਾ ਮੇਰੇ ਘਰ ਵਿਚ ਸ਼ੌਕ ਵਜੋਂ ਤੂੰਬੀ ਰੱਖੀ ਹੋਈ ਹੈ ਮੈਂ ਉਹ ਲੈ ਕੇ ਆਉਂਦਾ ਹਾਂ।ਅਮਰੀਕ ਤਲਵੰਡੀ ਨੇ ਮਾਣਕ ਤੋਂ ਤੂੰਬੀ ਨਾਲ ਗੀਤ ਸੁਣ ਕੇ ਉਸ ਦੇ ਨਾਮਬਰ ਗਾਇਕ ਬਣਨ ਦੀ ਪੁਸ਼ਟੀ ਕਰ ਦਿੱਤੀ ਜੋ ਸੱਚ ਹੋ ਨਿਬੜੀ!

ਕੁਲਦੀਪ ਮਾਣਕ ਦਾ ਵਿਆਹ ਸਰਬਜੀਤ ਕੌਰ ਨਾਲ ਹੋਇਆ।ਉਸ ਦੇ ਦੋ ਬੱਚੇ ਯੁਧਵੀਰ ਮਾਣਕ (ਬੇਟਾ) ਸ਼ਕਤੀ ਮਾਣਕ (ਬੇਟੀ) ਹੈ।

ਕੁਲਦੀਪ ਮਾਣਕ ਨੇ ਖੁਸ਼ੀ ਮੁਹੰਮਦ ਕਵਾਲ ਨੂੰ ਸੰਗੀਤ ਸਿਖਣ ਲਈ ਗੁਰੂ ਧਾਰਨ ਕੀਤਾ ਫਿਰ ਜੈਤੋ ਵਾਲੇ ਤਾਰੀ ਦੇ ਸੰਪਰਕ ਵਿੱਚ ਆ ਗਿਆ ਤਾਰੀ ਨੇ ਨਾਮਵਰ ਗਾਇਕ ਹਰਚਰਨ ਗਰੇਵਾਲ ਦੀ ਪਾਰਟੀ ਵਿੱਚ ਫਿੱਟ ਕਰਵਾ ਦਿੱਤਾ ਸੀ।

1969 ਵਿੱਚ ਕੁਲਦੀਪ ਮਾਣਕ ਦੇ ਪਹਿਲੇ ਦੋ ਗੀਤ (ਦੋਗਾਣੇ) ਕੋਲੰਬੀਆ ਕੰਪਨੀ ਵਿਚ ਰਿਕਾਰਡ ਹੋਏ।ਇਹ ਗੀਤ ਸੁਰਿੰਦਰ ਸੀਮਾ ਨਾਲ ਗਾਏ ਸਨ ਜਦੋ ਰਿਕਾਡਿੰਗ ਦਾ ਪਤਾ ਹਰਚਰਨ ਗਰੇਵਾਲ ਨੂੰ ਲੱਗਿਆ ਤਾਂ ਉਸ ਨੇ ਕੁਲਦੀਪ ਮਾਣਕ ਨੂੰ ਬਹੁਤ ਅੱਪ ਸ਼ਬਦ ਬੋਲਦਿਆਂ ਕਿਹਾ ਇਹ ਗੀਤ ਤੂੰ ਮੈਨੂੰ ਪੁੱਛੇ ਬਗੈਰ ਕਿਵੇਂ ਰਿਕਾਰਡ ਕਰਵਾ ਦਿੱਤੇ।ਪਰ ਮਾਣਕ ਉਸਤਾਦ ਦਾ ਸਤਿਕਾਰ ਕਰਦਾ ਚੁੱਪ ਰਿਹਾ।

ਜਦ ਦੇਵ ਥਰੀਕੇ ਵਾਲੇ ਦੀ ਪਹਿਲੀ ਮਿਲਣੀ ਮਾਣਕ ਨਾਲ ਹੋਈ ਤਾਂ ਉਸ ਟਾਇਮ ਦੇਵ ਥਰੀਕੇ ਵਾਲੇ ਨਾਲ ਗੁਰਦਿਆਲ ਸਿੰਘ ਪੀ,ਟੀ ਆਈ ਪੜਾਉਂਦਾ ਸੀ। ਉਸ ਨੇ ਦੇਵ ਨੂੰ ਦੱਸਿਆ ਮੇਰੀ ਨਿਗ੍ਹਾ ਵਿੱਚ ਇੱਕ ਮੁੰਡਾ ਹੈ ਜੋ ਬਹੁਤ ਵਧੀਆ ਗਾ ਲੈਂਦਾ ਹੈ।ਦੇਵ ਨੇ ਮਿਲਣ ਲਈ ਖਾਹਿਸ਼ ਪ੍ਰਗਟ ਕਰ ਦਿੱਤੀ।




ਦੇਵ ਥਰੀਕੇ ਵਾਲਾ, ਮਾਸਟਰ ਗੁਰਦਿਆਲ ਸਿੰਘ ਅਤੇ ਕੁਲਦੀਪ ਮਾਣਕ ਲੁਧਿਆਣੇ ਨਵੇ ਬੱਸ ਅੱਡੇ ਦੇ ਨੇੜੇ ਸੋਮੇ ਦੇ ਢਾਬੇ ਤੇ ਬੈਠ ਕੇ ਪੀਣ ਲੱਗ ਪਏ।ਢਾਬੇ ਤੇ ਮੁਹੰਮਦ ਸਦੀਕ ਦਾ ਮਸ਼ਹੂਰ ਗੀਤ 'ਮਿੱਤਰਾ ਦੇ ਤਿਤਰਾਂ ਨੂੰ ਤਲੀਆਂ ਤੇ ਚੋਗ ਚਗਾਵਾਂ' ਚੱਲ ਰਿਹਾ ਸੀ।ਜਦ ਦੇਵ ਥਰੀਕੇ ਵਾਲੇ ਨੂੰ ਦਾਰੂ ਦਾ ਸਰੂਰ ਹੋ ਗਿਆ ਤਾਂ ਮਾਣਕ ਨੂੰ ਕਹਿੰਦਾ ਮਾਣਕਾ ਅਵਾਜ਼ ਤੇਰੀ ਬੜੀ ਬੁਲੰਦ ਆ ਜੇ ਇਹਨੂੰ ਘੁਮੇਰ ਖਲਾ ਦੇਈਏ ਮਾਣਕ ਕਹਿੰਦਾ ਵੱਡੇ ਭਾਈ ਫਿਕਰ ਨਾਂ ਕਰ ਫੱਟੇ ਚੱਕਦੂੰ !

ਦੇਵ ਥਰੀਕੇ ਵਾਲੇ ਨੇ ਫਿਰ ਚਾਰ ਗੀਤ ਮਾਣਕ ਨੂੰ ਲਿਖ ਕੇ ਦਿੱਤੇ ਜੋ 1973 ਨੂੰ ਮਾਰਕੀਟ ਵਿੱਚ ਆਏ 'ਤੇਰੀ ਖਾਤਰ ਹੀਰੇ ਛੱਡ ਕੇ ਤਖ਼ਤ ਹਜ਼ਾਰੇ ਨੂੰ 'ਜੈਮਲ ਫੱਤਾ 'ਉਹਨੇ ਮੌਤ ਨੂੰ ਵਾਜਾਂ ਮਾਰੀਆਂ 'ਦੁੱਲਿਆ ਵੇ ਟੋਕਰਾ ਚੁਕਾਈ ਆਣ ਕੇ' ਜਦ ਇਹ ਗੀਤ ਹਿਜ ਮਾਸਟਰ ਵਾਇਸ ਕੰਪਨੀ ਵਿੱਚ ਰਿਕਾਰਡ ਕਰਵਾਉਣ ਗਏ ਤਾਂ ਕੰਪਨੀ ਦਾ ਮਾਲਕ ਇਹ ਗੀਤ ਰਿਕਾਰਡ ਨਹੀ ਕਰਦਾ ਸੀ ਉਹ ਕਹਿੰਦਾ ਇਹ ਗੀਤ ਚੱਲਣੇ ਨਹੀ ਫਿਰ ਦੇਵ ਥਰੀਕੇ ਵਾਲੇ ਨੇ ਜੋਰ ਪਾ ਕੇ ਕਿਹਾ ਤੂੰ ਰਿਕਾਡਿੰਗ ਤਾਂ ਕਰ ਸਹੀ ਫਿਰ ਦੇਖੀ ਕੀ ਰਿਜ਼ਲਟ ਨਿਕਲਦਾ।

ਇਹ ਗੀਤ ਬਹੁਤ ਚੱਲੇ ਇਸ ਰਿਕਾਰਡ ਦੀ ਇਤਨੀ ਵਿਕਰੀ ਹੋਈ ਕੰਪਨੀ ਦਾ ਮਾਲਕ, ਦੇਵ ਥਰੀਕੇ ਵਾਲਾ ਤੇ ਮਾਣਕ ਹੈਰਾਨ ਰਹਿ ਗਏ।

ਹੀਰ ਰਾਝਾਂ, ਮਿਰਝਾ ਸਾਹਿਬਾਂ ਦੁੱਲਾ ਭੱਟੀ ਆਦਿ ਲੋਕ ਗਥਾਵਾਂ ਅਮਰ ਸਿੰਘ ਸੌਂਕੀ ਹੋਰੀ ਗਾਉਂਦੇ ਹੁੰਦੇ ਸਨ ਜਿਨਾਂ ਨੂੰ ਠੇਠ ਪੰਜਾਬੀ ਵਿੱਚ ਬੁੜਿਆਂ ਵਾਲੇ ਗੀਤ ਕਹਿੰਦੇ ਸਨ ਇਹ ਗੀਤਾਂ ਨੂੰ ਵਿਆਹਾਂ ਦੇ ਪ੍ਰੋਗਰਾਮਾਂ ਵਿੱਚ ਦੇਰ ਰਾਤ ਨੂੰ ਲਾਇਆ ਜਾਂਦਾ ਸੀ ਉਸ ਟਾਇਮ ਸਿਆਣੇ ਬੰਦਿਆਂ ਨੇ ਸੁਣਨ ਲੱਗ ਜਾਣਾ ਪਰ ਕੁਲਦੀਪ ਮਾਣਕ ਨੇ ਲੋਕ ਗਥਾਵਾਂ ਵਿੱਚ ਅਜਿਹਾ ਨਵਾਂ ਰੰਗ ਭਰਿਆ ਨੌਜਵਾਨ ਪੀੜ੍ਹੀ ਵੀ ਕਲੀਆਂ ਅਤੇ ਲੋਕ ਗਥਾਵਾਂ ਹੀ ਸੁਣਨ ਲਗ ਪਈ।

1974 ਵਿੱਚ ਫਿਰ ਗੀਤ ਆਏ 'ਟਿੱਲੇ ਵਾਲਿਆ ਮਿਲਾਦੇ ਜੱਟੀ ਹੀਰ ਨੂੰ ਤੇਰਾ ਕਹਿੜਾ ਮੁੱਲ ਲੱਗਦਾ.. ਪਾ ਕੇ ਮੁੰਦਰਾਂ ਤੂੰ ਤੋਰ ਦੇ ਫਕੀਰ ਨੂੰ 'ਅੱਲਾ ਤੇ ਸ਼ਮੱਲਾ ਤੇਰੀ ਜੁਗਨੀ ਸਾਈਂ ਮੇਰਿਆ ਤੇਰੀ ਜੁਗਨੀ'

ਕੁਲਦੀਪ ਮਾਣਕ ਦਾ 1976 ਵਿੱਚ ਪਹਿਲਾ ਲੌਂਗ ਪਲਿਆਰ ਰਿਕਾਰਡ ਮਾਰਕੀਟ ਵਿੱਚ ਆਇਆ ਜਿਸ ਦੇ ਕੁਝ ਗੀਤਾਂ ਦਾ ਵੇਰਵਾ 'ਤੇਰੇ ਟਿੱਲੇ ਤੋਂ ਮੈਨੂੰ ਸੂਰਤ ਦੀਂਹਦੀਆ ਹੀਰ ਦੀ ਉਹ ਲੈ ਦੇਖ ਗੋਰਖਾ ਉਡਦੀਆ ਫੁਲਕਾਰੀ 'ਛੇਤੀ ਕਰ ਸਰਵਣ ਬੱਚਾ ਪਾਣੀ ਪਿਲਾਦੇ ਉਏ' ਇਸ ਲੌਂਗ ਪਲਿਆਰ ਨੇ ਮਾਰਕੀਟ ਵਿੱਚ ਤਰਥੱਲੀ ਮੱਚਾ ਦਿੱਤੀ।

ਹਿਜ ਮਾਸਟਰ ਵਾਇਸ ਰਿਕਾਡਿੰਗ ਕੰਪਨੀ ਦਿੱਲੀ ਇੱਕ ਅਜਿਹੀ ਕੰਪਨੀ ਸੀ ਜਿਸ ਵਿੱਚ ਗੀਤ ਰਿਕਾਰਡ ਹੋਣ ਤੋਂ ਬਾਅਦ ਹੀ ਕਲਾਕਾਰ ਨੂੰ ਕਲਾਕਾਰ ਹੋਣ ਦੀ ਮਾਨਤਾ ਮਿਲਦੀ ਸੀ। ਇਸ ਕੰਪਨੀ ਵਿੱਚ ਰਿਕਾਡਿੰਗ ਕਰਵਾਉਣ ਲਈ ਲੰਬੀ ਉਡੀਕ ਕਰਨੀ ਪੈਂਦੀ ਸੀ।

1978 ਵਿੱਚ ਕੁਲਦੀਪ ਮਾਣਕ ਹਿਜ ਮਾਸਟਰ ਵਾਇਸ ਰਿਕਾਰਡਿੰਗ ਕੰਪਨੀ ਵਿੱਚ ਰਿਕਾਰਡਿੰਗ ਕਰਵਾਉਣ ਗਿਆ ਤਾਂ ਕਿਸੇ ਗੱਲੋ ਕੰਪਨੀ ਨਾਲ ਮਾਣਕ ਦਾ ਤਕਰਾਰ ਹੋ ਗਿਆ ਮਾਣਕ ਇਹ ਕੰਪਨੀ ਛੱਡ ਕੇ ਇੰਨਰੀਕੋ ਕੰਪਨੀ ਵਿੱਚ ਰਿਕਾਰਡਿੰਗ ਕਰਵਾ ਆਇਆ ਜੋ ਲੌਂਗ ਪਲਿਆਰ ਰਿਕਾਰਡ ਸੀ ਉਸ ਤੇ ਬਾਰਾਂ ਗੀਤ ਸਨ 'ਸਾਹਿਬਾ ਬਣੀ ਭਰਾਵਾਂ ਦੀ 'ਰਾਝੇ ਦਾ ਪਟਕਾ' ਕੇਹਰ ਸਿੰਘ ਦੀ ਮੌਤ' ਟਿੱਲੇਵਾਲਿਆ ਮਿਲਾਦੇ ਜੱਟੀ ਹੀਰ ਨੂੰ' ਆਦਿ ਗੀਤ ਸਨ। ਇਹ ਲੌਂਗ ਪਲਿਆਰ ਰਿਕਾਰਡ ਇਤਨਾਂ ਚੱਲਿਆ ਸਾਰੇ ਪਾਸੇ ਕਲੀਆਂ ਅਤੇ ਲੋਕ ਗਥਾਂਵਾਂ ਦਾ ਹੀ ਬੋਲ ਬਾਲਾ ਹੋ ਗਿਆ।

ਕੁਲਦੀਪ ਮਾਣਕ, ਦੇਵ ਦੇ ਪਿੰਡ ਥਰੀਕੇ ਰਹਿਣ ਲੱਗ ਪਿਆ ਸੀ ਫਿਰ ਉਸ ਟਾਇਮ ਦੇਵ ਥਰੀਕੇ ਵਾਲੇ ਦਾ ਲਿਖਿਆ ਮਾਣਕ ਨੇ ਗੀਤ ਗਾਇਆ 'ਉਹਦਾ ਪਿੰਡ ਥਰੀਕੇ ਵਾਲੜਾ ਜਿੱਥੇ ਵੱਸਦਾ ਮਾਣਕ ਯਾਰ'

ਕੁਲਦੀਪ ਮਾਣਕ ਚਾਹੇ ਪਿੰਡ ਛੱਡ ਕੇ ਲੁਧਿਆਣੇ ਰਹਿਣ ਲੱਗ ਪਿਆ ਸੀ ਪਰ ਉਸ ਨੇ ਪਿੰਡ ਦਾ ਮੋਹ ਨਹੀ ਛੱਡਿਆ ਸੀ।ਜਦ ਕੁਲਦੀਪ ਮਾਣਕ ਨੇ ਆਪਣੇ ਪਿੰਡ ਦੇ ਇਲਾਕੇ ਵਿੱਚ ਅਖਾੜਾ ਲਾਉਣ ਜਾਣਾ ਤਾਂ ਸੰਤ ਕਰਨੈਲ ਦਾਸ ਬਿਬੇਕ ਆਸ਼ਰਮ ਜਲਾਲ ਵਿਖੇ ਮੱਥਾ ਟੇਕ ਕੇ ਆਉਣਾ ਅਤੇ ਪਿੰਡ ਦੀ ਸੱਥ ਵਿੱਚ ਬਜੁਰਗਾਂ ਨਾਲ ਇੱਕ ਦੋ ਬਾਜੀਆਂ ਤਾਸ਼ ਦੀਆਂ ਲਾ ਕੇ ਜਾਣਾ ਅਤੇ ਹਾਸਾ ਮਜਾਕ ਕਰਕੇ ਜਾਣਾ ਇਸ ਕਰਕੇ ਕੁਲਦੀਪ ਮਾਣਕ ਪਿੰਡ ਵਾਸੀਆਂ ਲਈ ਹਰਮਨ ਪਿਆਰਾ ਸੀ।

ਕੁਲਦੀਪ ਮਾਣਕ ਨੇ ਕਲੀਆਂ ਅਤੇ ਲੋਕ ਕਥਾਵਾਂ ਤੋਂ ਬਿਨਾਂ ਦੋ-ਗਾਣੇ ਵੀ ਗਾਏ ਜੋ ਬਹੁਤ ਹਿੱਟ ਹੋਏ ਉਸ ਨੇ ਗੁਲਸ਼ਨ ਕੋਮਲ, ਪਰਮਿੰਦਰ ਸੰਧੂ, ਕੁਲਦੀਪ ਕੌਰ, ਸਤਿੰਦਰ ਬੀਬਾ, ਸੁਰਿੰਦਰ ਸੀਮਾ, ਪ੍ਰਕਾਸ਼ ਸੋਢੀ,ਅਮਰਜੋਤ, ਪ੍ਰਕਾਸ਼ ਸਿੱਧੂ, ਸੁਚੇਤ ਬਾਲਾ ਆਦਿ ਕਲਾਕਾਰਾਂ ਨਾਲ ਗੀਤ ਗਾਏ।

ਕੁਲਦੀਪ ਮਾਣਕ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ ਜਿਵੇ ਦੇਵ ਥਰੀਕੇ ਵਾਲਾ, ਅਮਰੀਕ ਤਲਵੰਡੀ, ਸਵਰਨ ਸਿਵੀਆ, ਪ੍ਰੀਤ ਮਹਿੰਦਰ ਤਿਵਾੜੀ, ਗਿੱਲ ਜੇਬੋ ਮਾਜਰੇ ਵਾਲਾ,ਚੰਨ ਗੁਰਾਇਆਂ ਵਾਲਾ, ਗੁਰਮਖ ਸਿੰਘ, ਸਨਮੁਖ ਸਿੰਘ ਅਜ਼ਾਦ, ਰਾਮ ਸਿੰਘ ਢਿਲੋ, ਬਾਬੂ ਸਿੰਘ ਮਾਨ, ਬਲਬੀਰ ਲਹਿਰਾ, ਸੇਵਾ ਸਿੰਘ ਨੋਰਥ, ਜੀਤ ਗੋਲੋ ਵਾਲੀਆ, ਦੇਬੀ ਮਖਸੂਸਪੁਰੀ, ਚਮਕੌਰ ਚਮਕ, ਕਰਨੈਲ ਜਲਾਲ, ਭੱਟੀ ਮਾੜ੍ਹੀ ਵਾਲਾ, ਜੱਗਾ ਗਿੱਲ, ਅਲਬੇਲ ਬਰਾੜ, ਬਚਨ ਬੇਦਿਲ, ਦਲੀਪ ਸਿੰਘ, ਜਲੌਰ ਸਿੰਘ ਸਿੱਧੂ, ਸਹੋਤਾ ਚੱਕ, ਦਲੀਪ ਕਣਕ ਵਾਲੀਆ, ਪਾਲੀ ਦੇਵਤਵਾਲੀਆ, ਹਰਬਖਸ਼ ਟਾਹਲੀ, ਆਦਿ ਗੀਤਕਾਰਾਂ ਦੇ ਗੀਤ ਗਾਏ।

ਕੁਲਦੀਪ ਮਾਣਕ ਨੇ ਬਹੁਤ ਸਾਰੇ ਧਾਰਿਕ ਗੀਤ ਗਾਏ 'ਉੱਡਦੀ ਧੂੜ ਦਿੱਸਦੀ ਸਿੰਘ ਸੂਰਮੇ ਨਜ਼ਰ ਨਹੀ ਆਉਂਦੇ 'ਲੈ ਕੇ ਕਲਗੀਧਰ ਤੋਂ ਥਾਪੜਾ ਦਿੱਤਾ ਚਰਨੀ ਸੀਸ ਨਿਭਾ' ਹੁਣ ਸਰਕਾਰੇ ਨੀ ਪੰਜਾਬ ਵਿੱਚ ਖਾਲਸੇ ਦਾ ਰਾਜ ਹੋ ਗਿਆ' ਪਿਆ ਸੀਸ ਉੱਤੇ ਚਲਦਾ ਆਰਾ ਮੁੱਖੋਂ ਸਤਿਨਾਮ ਬੋਲਦ' ਅਦਿ ਗੀਤ ਗਾਏ।

ਕੁਲਦੀਪ ਮਾਣਕ ਨੇ ਬਹੁਤ ਸਾਰੇ ਪ੍ਰੀਵਾਰਕ ਗੀਤ ਗਾਏ ਜੋ ਸਦਾ ਬਹਾਰ ਹੋ ਕੇ ਰਹਿ ਗਏ 'ਮਾਂ ਹੁੰਦੀ ਆ ਮਾਂ ਓ ਦੁਨੀਆ ਵਾਲਿਓ' ਪੁੱਤਰਾਂ ਦੇ ਵਿਆਹਾਂ ਉੱਪਰ ਹੁੰਦਾਂ ਹੱਕ ਮਾਵਾਂ ਦਾ ਬਿਪਤਾ ਵਿੱਚ ਚੇਤਾ ਆਂਉਦਾ ਸਕਿਆਂ ਭਰਾਵਾਂ ਦਾ 'ਮੈਂ ਚਾਦਰ ਕੱਢਦੀ ਨੀ ਗਿਣ ਤੋਪੇ ਪਾਵਾਂ ਜਾਮਣ ਦੀ ਛਾਂ ਹੇਠਾਂ ਨੀ ਮੈਂ ਪੀੜ੍ਹਾ ਢਾਵਾਂ' ਇੱਕ ਵੀਰ ਦੇਈ ਵੇ ਰੱਬਾ ਸੌਂਹ ਖਾਣ ਨੂੰ ਬੜਾ ਚਿੱਤ ਕਰਦਾ ਭੈਣਾ ਭਾਵੇਂ ਲੱਖ ਜਿਉਂਦੀਆਂ ਭਾਈਆਂ ਬਾਝ ਨਾਂ ਘਰਾਂ ਦੇ ਵਿੱਚ ਸਰਦਾ

ਕੁਲਦੀਪ ਮਾਣਕ ਨੇ ਫਿਲਮਾਂ ਵਿੱਚ ਪਰਦੇ ਪਿੱਛੇ ਗਾ ਕੇ ਨਾਮ ਕਮਾਇਆ ਜਿਵੇ ਸੈਦਾ ਜੋਗਣ, ਲੰਬੜਦਾਰਨੀ, ਸੋਹਣੀ ਮਹੀਂਵਾਲ, ਬਲਬੀਰੋ ਭਾਬੀ, ਵਿਹੜਾ ਲੰਬੜਾਂ ਦਾ, ਰੂਪ ਸ਼ਕੀਨਣ ਦਾ ਆਦਿ ਫਿਲਮਾਂ ਵਿੱਚ ਗਾਇਆ।

1996 ਦੀਆਂ ਲੋਕ ਸਭਾ ਚੋਣਾਂ ਵਿੱਚ ਕੁਲਦੀਪ ਮਾਣਕ ਨੇ ਬਠਿੰਡੇ ਦੀ ਰਿਜਰਵ ਸੀਟ ਤੇ ਚੋਣ ਲੜੀ ਪਰ ਜਿੱਤ ਨਾ ਸੱਕਿਆ।

ਕੁਲਦੀਪ ਮਾਣਕ ਕੁਝ ਸਮਾਂ ਬਿਮਾਰ ਰਹਿਣ ਪਿਛੋ 30 ਨਵੰਬਰ 2011 ਨੂੰ ਦੇਸ਼ ਵਿਦੇਸ਼ ਵਿੱਚ ਲੱਖਾਂ ਚਾਹੁਣ ਵਾਲੇ ਸਰੋਤਿਆਂ ਨੂੰ ਛੱਡ ਕੇ ਇਸ ਸੰਸਾਰ ਤੋਂ ਚਲਿਆ ਗਿਆ ਬੜੇ ਅਫ਼ਸੋਸ ਵਾਲੀ ਗੱਲ ਹੈ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ ਗਾਉਣ ਵਾਲੇ ਨੂੰ ਜਿਸ ਦਿਨ ਸਪੁਰਦ-ਏ ਖ਼ਾਕ ਕਰਨਾਂ ਸੀ ਉਸ ਦਿਨ ਹੀ ਚਪੜਚਿੱੜੀ ਦੇ ਮੈਦਾਨ ਵਿੱਚ ਨਵੀਂ ਬਣੀ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਰ ਦਾ ਉਦਘਾਟਨ ਹੋਣਾ ਸੀ ਕੁਲਦੀਪ ਮਾਣਕ ਦੇ ਮਿਰਤਕ ਸਰੀਰ ਨੂੰ ਲੁਧਿਆਣਾ ਤੋਂ ਉਸ ਦੇ ਪਿੰਡ ਜਲਾਲ ਲਿਜਾ ਕੇ ਉਸ ਦੇ ਪਿੰਡ ਦੀਆਂ ਕਬਰਾਂ (ਬਸ ਸਟੈਡ) ਨੇੜੇ ਦਫਨਾਇਆ ਗਿਆ।ਕੁਲਦੀਪ ਮਾਣਕ ਦੀ ਯਾਦ ਵਿੱਚ ਮਾਣਕ ਦਾ ਟਿੱਲਾ ਯਾਦਗਰ ਪਿੰਡ ਜਲਾਲਦੀਵਾਲ (ਲੁਧਿਆਣਾ) ਵਿਖੇ ਬਣੀ ਹੋਈ ਹੈ ਜਿਥੇ ਹਰ ਸਾਲ 30 ਨਵੰਬਰ ਨੂੰ ਮਾਣਕ ਦੀ ਯਾਦ ਵਿੱਚ ਮੇਲਾ ਲਗਦਾ ਹੈ।ਦੇਸ਼ਾਂ ਵਿਦੇਸ਼ਾਂ ਤੋ ਉਸ ਨੂੰ ਚਾਹੁਣ ਵਾਲੇ ਪੁਹੰਚਦੇ ਹਨ।

**ਸੁਖਵਿੰਦਰ ਸਿੰਘ ਮੁੱਲਾਂਪੁਰ**
. 9914184794



# ਅਧਿਆਤਮਿਕ ਜਾਗ੍ਰਿਤੀ-ਮਨੁੱਖੀ ਏਕਤਾ ਅਤੇ ਸਮਾਨਤਾ ਦਾ ਪ੍ਰਤੀਕ ਪ੍ਰਭਾਤ ਫੇਰੀਆਂ



ਵਿਸ਼ਵ ਪੱਧਰ 'ਤੇ, ਭਾਰਤ ਦੀ ਧਰਤੀ ਰਿਸ਼ੀਆਂ, ਸੰਤਾਂ ਅਤੇ ਗੁਰੂਆਂ ਦਾ ਨਿਵਾਸ ਸਥਾਨ ਰਹੀ ਹੈ। ਇੱਥੇ ਹਰ ਤਿਉਹਾਰ ਅਤੇ ਪਰੰਪਰਾ ਦਾ ਡੂੰਘਾ ਅਧਿਆਤਮਿਕ ਅਰਥ ਹੈ। ਇਨ੍ਹਾਂ ਅਨਮੋਲ ਪਰੰਪਰਾਵਾਂ ਵਿੱਚੋਂ ਇੱਕ ਕਾਰਤਿਕ ਪ੍ਰਭਾਤ ਫੇਰੀ ਤਿਉਹਾਰ ਹੈ, ਜੋ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੋਂ ਪਹਿਲਾਂ ਮਨਾਇਆ ਜਾਂਦਾ ਹੈ। ਇਹ ਸਿਰਫ਼ ਇੱਕ ਧਾਰਮਿਕ ਸਮਾਗਮ ਨਹੀਂ ਹੈ ਬਲਕਿ ਇੱਕ ਜੀਵੰਤ ਅਧਿਆਤਮਿਕ ਯਾਤਰਾ ਹੈ ਜੋ ਸਮਾਜ ਨੂੰ ਸੱਚ, ਪਿਆਰ, ਸਮਾਨਤਾ ਅਤੇ ਸੇਵਾ ਦੇ ਮਾਰਗ 'ਤੇ ਲੈ ਜਾਂਦੀ ਹੈ।

23 ਅਕਤੂਬਰ ਤੋਂ ਸ਼ੁਰੂ ਹੋ ਕੇ 5 ਨਵੰਬਰ, 2025 ਤੱਕ ਜਾਰੀ ਰਹਿਣ ਵਾਲਾ, ਇਹ ਸਮਾਂ ਨਾ ਸਿਰਫ਼ ਸ਼ਰਧਾ ਅਤੇ ਸੇਵਾ ਦਾ ਪ੍ਰਤੀਕ ਹੁੰਦਾ ਹੈ, ਸਗੋਂ ਸਮਾਜਿਕ ਜਾਗ੍ਰਿਤੀ ਅਤੇ ਮਨੁੱਖਤਾ ਵਿੱਚ ਸਦਭਾਵਨਾ ਦੇ ਸੰਦੇਸ਼ ਦੀ ਪੁਸ਼ਟੀ ਕਰਨ ਦਾ ਵੀ ਇੱਕ ਮੌਕਾ ਹੈ। ਕਾਰਤਿਕ ਦਾ ਪੂਰਾ ਮਹੀਨਾ ਸ਼ੁੱਧਤਾ, ਅਨੁਸ਼ਾਸਨ ਅਤੇ ਸ਼ਰਧਾ ਦਾ ਪ੍ਰਤੀਕ ਹੁੰਦਾ ਹੈ।

ਪ੍ਰਭਾਤ ਫੇਰੀ ਕੱਤਕ ਮਹੀਨੇ (8 ਅਕਤੂਬਰ) ਦੀ ਸ਼ੁਰੂਆਤ ਤੋਂ ਸ਼ੁਰੂ ਹੁੰਦੀ ਹੈ, ਖਾਸ ਤੌਰ 'ਤੇ ਗੁਰੂ ਨਾਨਕ ਜਯੰਤੀ ਦੀ ਤਿਆਰੀ ਵਿੱਚ, ਅਤੇ ਗੁਰੂ ਨਾਨਕ ਦੇਵ ਜੀ ਦੇ ਪੂਰਨਮਾਸ਼ੀ ਵਾਲੇ ਦਿਨ (5 ਨਵੰਬਰ) ਸਮਾਪਤ ਹੁੰਦੀ ਹੈ। ਇਸ ਸਮੇਂ ਦੌਰਾਨ, ਦੇਸ਼ ਅਤੇ ਦੁਨੀਆ ਭਰ ਦੇ ਸ਼ਰਧਾਲੂ ਸਵੇਰੇ ਸ਼ਬਦ -ਕੀਰਤਨ ਅਤੇ ਸੇਵਾ ਰਾਹੀਂ ਗੁਰੂ ਦੀਆਂ ਸਿੱਖਿਆਵਾਂ ਨੂੰ ਗ੍ਰਹਿਣ ਕਰਦੇ ਹਨ।

ਪ੍ਰਭਾਤ ਫੇਰੀ ਜੋ ਸਵੇਰੇ 3:30 ਜਾਂ 4 ਵਜੇ ਗੁਰਦੁਆਰਿਆਂ ਵਿੱਚ ਸ਼ੁਰੂ ਹੁੰਦਾ ਹੈ। ਸ਼ਰਧਾਲੂ ਇਕੱਠੇ ਹੁੰਦੇ ਹਨ, ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਨ, ਅਤੇ ਫਿਰ ÷ਜਪਜੀ ਸਾਹਿਬ÷ ਦਾ ਪਾਠ ਕਰਦੇ ਹਨ ਅਤੇ ਪਿੰਡ ਜਾਂ ਕਸਬੇ ਦੀਆਂ ਗਲੀਆਂ ਵਿੱਚੋਂ ਮਾਰਚ ਕਰਦੇ ਹਨ,

ਧੰਨ ਗੁਰੂ ਨਾਨਕ, ਸਾਰਾ ਜਗ ਤਾਰਿਆ,
ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ

ਦਾ ਜਾਪ ਕਰਦੇ ਹਨ। ਰਸਤੇ ਵਿੱਚ, ਸੰਗਤਾਂ ਆਪਣੇ ਘਰਾਂ ਦੇ ਬਾਹਰ ਦੀਵੇ ਜਗਾਉਂਦੇ ਹਨ ਅਤੇ ਫੁੱਲਾਂ ਨਾਲ ਪ੍ਰਭਾਤ ਫੇਰੀਆਂ ਦਾ ਸਵਾਗਤ ਕਰਦੇ ਹਨ। ਪ੍ਰਭਾਤ ਫੇਰੀ ਦੇ ਅੰਤ ਵਿੱਚ, ਗੁਰਦੁਆਰੇ ਵਿੱਚ ਇੱਕ ਪ੍ਰਸ਼ਾਦ ਸੇਵਾ ਹੁੰਦੀ ਹੈ, ਜਿੱਥੇ ਸਾਰੇ ਧਰਮਾਂ ਦੇ ਲੋਕ ਇਕੱਠੇ ਬੈਠਦੇ ਹਨ ਲੰਗਰ ਅਤੇ ਪ੍ਰਸ਼ਾਦ ਤਿਆਰ ਕਰਨ ਵਿੱਚ ਹਿੱਸਾ ਲੈਂਦੇ ਹਨ।

ਇਸ ਦੌਰਾਨ ਬੱਚਿਆਂ ਅਤੇ ਨੌਜਵਾਨਾਂ ਨੂੰ ਸਿਖਾਇਆ ਜਾਂਦਾ ਹੈ ਕਿ ਗੁਰੂ ਪ੍ਰਤੀ ਸੱਚੀ ਸ਼ਰਧਾ ਸਿਰਫ਼ ਸੇਵਾ ਵਿੱਚ ਹੀ ਨਹੀਂ, ਸਗੋਂ ਨਾਮ - ਸਿਮਰਨ ਵਿੱਚ ਵੀ ਹੈ। ਇਹ ਵਿਸ਼ੇਸ਼ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨਾਲ ਜੁੜਿਆ ਹੋਇਆ ਹੈ।

ਅੱਜ, ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸਿਰਫ਼ ਪੰਜਾਬ ਜਾਂ ਭਾਰਤ ਤੱਕ ਸੀਮਤ ਨਹੀਂ ਹੈ; ਪ੍ਰਭਾਤ ਫੇਰੀਆਂ ਦੁਨੀਆ ਭਰ ਦੇ 150 ਤੋਂ ਵੱਧ ਦੇਸ਼ਾਂ ਵਿੱਚ ਆਯੋਜਿਤ ਕੀਤੀਆਂ ਜਾਂਦੀਆਂ ਹਨ। ਵੈਨਕੂਵਰ, ਕੈਨੇਡਾ ਵਿੱਚ, ਭਾਰਤੀ ਮੂਲ ਦੀਆਂ ਸਿੱਖ ਸੰਗਤਾਂ ਪ੍ਰਭਾਤ ਫੇਰੀਆਂ ਦਾ ਅਯੋਜਿਨ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ, ਸਿੱਖ ਭਾਈਚਾਰੇ ਅਤੇ ਹੋਰ ਧਰਮਾਂ ਦੇ ਲੋਕ ਸਿੰਗਾਪੁਰ, ਮਲੇਸ਼ੀਆ, ਦੁਬਈ, ਸੰਯੁਕਤ ਰਾਜ ਅਮਰੀਕਾ, ਕੀਨੀਆ ਅਤੇ ਆਸਟ ?ਰੇਲੀਆ ਵਰਗੇ ਦੇਸ਼ਾਂ ਵਿੱਚ ਵੀ ਪ੍ਰਭਾਤ ਫੇਰੀਆਂ ਦਾ ਆਯੋਜਨ ਕਰਦੇ ਹਨ। ਇਸ ਤਰ੍ਹਾਂ, ਕਾਰਤਿਕ ਪ੍ਰਭਾਤ ਫੇਰੀ ਵਿਸ਼ਵਵਿਆਪੀ ਸੱਭਿਆਚਾਰਕ ਸੰਵਾਦ ਦਾ ਇੱਕ ਮਾਧਿਅਮ ਬਣ ਗਈ ਹੈ। ਇਹ ਅਨੁਭਵ ਪ੍ਰਭਾਤ ਫੇਰੀਆਂ ਵਿੱਚ ਹਿੱਸਾ ਲੈਣ ਵਾਲਿਆਂ ਦੇ ਜੀਵਨ ਵਿੱਚ ਡੂੰਘਾ ਅਧਿਆਤਮਿਕ ਪਰਿਵਰਤਨ ਲਿਆਉਂਦਾ ਹੈ।

ਸਵੇਰ ਵੇਲੇ, ਜਦੋਂ ਸਾਰਾ ਮਾਹੌਲ ਸ਼ਾਂਤ ਹੋ ਜਾਂਦਾ ਹੈ ਅਤੇ ਵਾਹਿਗੁਰੂ ਦਾ ਨਾਮ ਗੂੰਜਦਾ ਹੈ, ਤਾਂ ਵਿਅਕਤੀ ਦੀ ਅੰਦਰੂਨੀ ਬੇਚੈਨੀ ਦੂਰ ਹੋਣ ਲੱਗਦੀ ਹੈ। ਇਹ ਅਨੁਭਵ ਦਰਸਾਉਂਦਾ ਹੈ ਕਿ ਵਿਸ਼ਵਾਸ ਸਿਰਫ਼ ਪੂਜਾ ਨਹੀਂ ਹੈ, ਸਗੋਂ ਸਵੈ-ਸ਼ੁੱਧੀ ਦਾ ਮਾਰਗ ਹੈ। ਸੰਗਤ ਜੀ ਜੇਕਰ ਅਸੀਂ ਗੁਰੂ ਨਾਨਕ ਦੇਵ ਜੀ ਦੀ ਕੱਤਕ ਪ੍ਰਭਾਤ ਫੇਰੀ 2025 'ਤੇ ਵਿਚਾਰ ਕਰੀਏ, ਤਾਂ ਇਹ ÷ਸਤਿਗੁਰੂ ਦੀ ਅਰਦਾਸ ਹੈ, ਦੁਨੀਆਂ ਸਵੇਰ ਦੇ ਪ੍ਰਕਾਸ਼ ਨਾਲ ਪ੍ਰਕਾਸ਼ਮਾਨ ਹੁੰਦੀ ਹੈ।

ਵਿਸ਼ਵਾਸ, ਸ਼ਰਧਾ ਅਤੇ ਮਨੁੱਖਤਾ ਦੇ ਇਸ ਪਵਿੱਤਰ ਸੰਗਮ ਵਿੱਚ, ਜਦੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਧਰਤੀ ਨੂੰ ਛੂੰਹਦੀਆਂ ਹਨ, ਤਾਂ ÷ਵਾਹਿਗੁਰੂ÷ ਦਾ ਨਾਮ ਗੁਰਬਾਣੀ ਦੇ ਮਿੱਠੇ ਸ਼ਬਦਾਂ ਨਾਲ ਗੂੰਜਦਾ ਹੈ। ਇਹ ਉਹ ਪਲ ਹੈ ਜਦੋਂ ਕੱਤਕ ਦੀ ਪ੍ਰਭਾਤ ਫੇਰੀ ਸ਼ੁਰੂ ਹੁੰਦੀ ਹੈ, ਇੱਕ ਵਿਲੱਖਣ ਪਰੰਪਰਾ ਜਿਸਨੂੰ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਜਾਗ੍ਰਿਤੀ ਅਤੇ ਮਨੁੱਖੀ ਏਕਤਾ ਦਾ ਪ੍ਰਤੀਕ ਬਣਾਇਆ ਸੀ। 15 ਦਿਨਾਂ ਦੀ ਭਗਤੀ ਦੀ ਮਿਆਦ ਦੌਰਾਨ, ਸਿੱਖ ਸ਼ਰਧਾਲੂ, ਸਿੰਧੀਆਂ ਅਤੇ ਹੋਰ ਭਾਈਚਾਰਿਆਂ ਦੇ ਨਾਲ, ਗੁਰੂ ਨਾਨਕ ਜਯੰਤੀ ਦੀਆਂ ਤਿਆਰੀਆਂ ਅਤੇ ਅਧਿਆਤਮਿਕ ਅਭਿਆਸਾਂ ਵਿੱਚ ਡੁੱਬ ਜਾਂਦੇ ਹਨ। ÷ਪ੍ਰਭਾਤ ਫੇਰੀ÷ ਦਾ ਸ਼ਾਬਦਿਕ ਅਰਥ ਹੈ ਸਵੇਰ ਵੇਲੇ ਵਿਸ਼ਵਾਸ ਦੀ ਯਾਤਰਾ। ਇਹ ਫੇਰੀ ਸਿਰਫ਼ ਇੱਕ ਸੈਰ ਨਹੀਂ ਹੈ, ਸਗੋਂ ਸੰਗਤ (ਸੰਗ੍ਰਹਿ) ਦੇ ਰੂਪ ਵਿੱਚ ਸ਼ਰਧਾ ਦਾ ਪ੍ਰਸਾਰ ਹੈ।

ਜਿਵੇਂ ਕਿ ਸ਼ਰਧਾਲੂ ਸੂਰਜ ਚੜ੍ਹਨ ਤੋਂ ਪਹਿਲਾਂ ਦੀ ਚੁੱਪ ਵਿੱਚ ਗਲੀਆਂ, ਚੌਕਾਂ ਅਤੇ ਸੜਕਾਂ ਵਿੱਚੋਂ ਲੰਘਦੇ ਹਨ, ÷ਵਾਹਿਗੁਰੂ, ਸਤਿਨਾਮ, ਧੰਨ ਗੁਰੂ ਨਾਨਕ ਸਾਰਾ ਜਗ ਤਾਰੀ÷, ਦਾ ਜਾਪ ਕਰਦੇ ਹੋਏ। ਮਾਹੌਲ ਅਧਿਆਤਮਿਕ ਰੌਸ਼ਨੀ ਨਾਲ ਭਰਿਆ ਹੋਇਆ ਹੁੰਦਾ ਹੈ। ਪ੍ਰਭਾਤ ਫੇਰੀ ਸਵੈ-ਸ਼ੁੱਧਤਾ ਦਾ ਇੱਕ ਸਾਧਨ ਹੈ, ਜੋ ਸਿੱਖ ਧਰਮ ਅਤੇ ਹੋਰ ਧਰਮਾਂ ਦੀ ਭਾਵਨਾ ਨੂੰ ਦਰਸਾਉਂਦੀ ਹੈ: ÷ਨਾਮ ਜਪੋ, ਕਿਰਤ ਕਰੋ, ਵੰਡ ਛਕੋ,÷ ਜਿਸਦਾ ਅਰਥ ਹੈ ÷ਰੱਬ ਨੂੰ ਯਾਦ ਰੱਖੋ, ਇਮਾਨਦਾਰੀ ਨਾਲ ਕੰਮ ਕਰੋ, ਅਤੇ ਸਾਰਿਆਂ ਨਾਲ ਪਿਆਰ ਮੁਹੱਬਤ ਨਾਲ ਰਲ ਮਿਲ ਕੇ ਰਹੋ।÷

ਇਸ ਲਗਭਗ 14 ਦਿਨਾਂ ਦੀ ਧਾਰਮਿਕ ਯਾਤਰਾ ਨੂੰ ਗੁਰੂ ਨਾਨਕ ਜਯੰਤੀ ਦੀਆਂ ਤਿਆਰੀਆਂ ਦਾ ਸਭ ਤੋਂ ਪਵਿੱਤਰ ਪੜਾਅ ਮੰਨਿਆ ਜਾਂਦਾ ਹੈ। ਭਾਰਤ ਵਿੱਚ, ਅੰਮ੍ਰਿਤਸਰ, ਪਟਿਆਲਾ, ਲੁਧਿਆਣਾ, ਆਨੰਦਪੁਰ ਸਾਹਿਬ, ਦਿੱਲੀ, ਨਾਂਦੇੜ ਅਤੇ ਪਟਨਾ ਸਾਹਿਬ ਵਰਗੇ ਗੁਰਦੁਆਰਿਆਂ ਵਿੱਚ ਪ੍ਰਭਾਤ ਫੇਰੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ।

ਹਾਲਾਂਕਿ, ਇਹ ਪਰੰਪਰਾ ਹੁਣ ਸਿੱਖ ਭਾਈਚਾਰਿਆਂ ਤੱਕ ਸੀਮਤ ਨਹੀਂ ਹੈ। ਕੈਨੇਡਾ, ਸੰਯੁਕਤ ਰਾਜ, ਯੂਨਾਈਟਿਡ ਕਿੰਗਡਮ, ਆਸਟ ?ਰੇਲੀਆ, ਮਲੇਸ਼ੀਆ, ਸਿੰਗਾਪੁਰ ਅਤੇ ਦੁਬਈ ਵਰਗੇ ਦੇਸ਼ਾਂ ਵਿੱਚ ਸਿੱਖ ਭਾਈਚਾਰੇ ਵੀ ਇਸਨੂੰ ਬਹੁਤ ਸ਼ਰਧਾ ਨਾਲ ਮਨਾਉਂਦੇ ਹਨ। ਪ੍ਰਭਾਤ ਫੇਰੀ ਦੇ ਨਗਰ ਕੀਤਰਨ ਲੰਡਨ ਦੇ ਸਾਊਥਾਲ, ਵੈਨਕੂਵਰ, ਮੈਲਬੌਰਨ, ਟੋਰਾਂਟੋ ਅਤੇ ਕੈਲੀਫੋਰਨੀਆ ਦੇ ਗੁਰਦੁਆਰਿਆਂ ਤੋਂ ਨਿਕਲਦੇ ਹਨ, ਜੋ ਨਾ ਸਿਰਫ਼ ਭਾਰਤੀ ਮੂਲ ਦੇ ਲੋਕਾਂ ਨੂੰ, ਸਗੋਂ ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਦੇ ਲੋਕਾਂ ਨੂੰ ਵੀ ਆਕਰਸ਼ਿਤ ਕਰਦੇ ਹਨ। ਇਹ ਤਿਉਹਾਰ ÷ਆਤਮਿਕ ਊਰਜਾ ਦੀ ਗਲੋਬਲ ਏਕਤਾ÷ ਦਾ ਪ੍ਰਤੀਕ ਬਣ ਗਿਆ ਹੈ।

ਪ੍ਰੀਤਨਾਮਾ ਖਰਾ ਸੱਚ
ਸੁਰਜੀਤ ਸਿੰਘ ਫਲੋਰਾ
647-829-9397

ਸੰਗਤ ਜੀ ਜੇਕਰ ਅਸੀਂ ਪ੍ਰਭਾਤ ਫੇਰੀ ਦੀ ਇਤਿਹਾਸਕ ਪਰੰਪਰਾ ਅਤੇ ਵਾਤਾਵਰਣ ਅਤੇ ਸਮਾਜ ਨੂੰ ਇਸਦੇ ਆਧੁਨਿਕ ਸੰਦੇਸ਼ 'ਤੇ ਵਿਚਾਰ ਕਰੀਏ, ਤਾਂ ਗੁਰੂ ਨਾਨਕ ਦੇਵ ਜੀ, ਜਦੋਂ 15ਵੀਂ ਸਦੀ ਵਿੱਚ ਆਪਣੀ ਅਧਿਆਤਮਿਕ ਯਾਤਰਾ ਸ਼ੁਰੂ ਕੀਤੀ ਸੀ, ਤਾਂ ਅਕਸਰ ਸਵੇਰ ਵੇਲੇ ਆਪਣੇ ਚੇਲਿਆਂ ਨਾਲ ਧੁਰ ਕੀ ਬਾਣੀ ਦੇ ਸੁਹਲੇ ਗਾਉਂਦੇ ਸਨ। ਇਹ ਪਰੰਪਰਾ ਬਾਅਦ ਵਿੱਚ ਪ੍ਰਭਾਤ ਫੇਰੀ ਵਜੋਂ ਸਥਾਪਿਤ ਹੋਈ। ਉਨ੍ਹਾਂ ਦੀਆਂ ਸਿੱਖਿਆਵਾਂ ਉਸ ਯੁੱਗ ਦੇ ਸਮਾਜਿਕ ਹਨੇਰੇ ਵਿੱਚ ਰੌਸ਼ਨੀ ਦੀ ਕਿਰਨ ਵਜੋਂ ਫੈਲੀਆਂ। ਗੁਰੂ ਨਾਨਕ ਦੇਵ ਜੀ ਨੇ ਜਾਤੀਵਾਦ, ਅੰਧਵਿਸ਼ਵਾਸ ਅਤੇ ਧਾਰਮਿਕ ਵਿਤਕਰੇ ਵਿਰੁੱਧ ਬੋਲਿਆ ਅਤੇ ਲੋਕਾਂ ਨੂੰ ਉਨ੍ਹਾਂ ਦੇ ਕੰਮਾਂ ਅਤੇ ਇਮਾਨਦਾਰੀ ਦੁਆਰਾ ਇੱਕ ਵਿਅਕਤੀ ਨੂੰ ਪਰਿਭਾਸ਼ਿਤ ਕਰਨ ਲਈ ਪ੍ਰੇਰਿਤ ਕੀਤਾ।

ਪ੍ਰਭਾਤ ਫੇਰੀ ਇਨ੍ਹਾਂ ਸਿਧਾਂਤਾਂ ਨੂੰ ਮੁੜ ਸੁਰਜੀਤ ਕਰਦੀ ਹੈ। ਇਹ ਸਿਰਫ਼ ਇੱਕ ਧਾਰਮਿਕ ਰਸਮ ਨਹੀਂ ਹੈ, ਸਗੋਂ ਸਮਾਜਿਕ ਏਕਤਾ ਅਤੇ ਮਨੁੱਖਤਾ ਦੇ ਜਾਗਰਣ ਦਾ ਤਿਉਹਾਰ ਹੈ। ਇਸ ਸਾਲ ਦੀ ਪ੍ਰਭਾਤ ਫੇਰੀ ਦੌਰਾਨ, ਕਈ ਗੁਰਦੁਆਰਿਆਂ ਨੇ ਹਰੀ ਪ੍ਰਭਾਤ ਫੇਰੀ ਦੀ ਸ਼ੁਰੂਆਤ ਕੀਤੀ ਹੈ। ਇਸਦਾ ਉਦੇਸ਼ ਕੁਦਰਤ ਦੀ ਰੱਖਿਆ ਕਰਨਾ ਹੈ ਅਤੇ ਨਾਲ ਹੀ ਭਗਤੀ ਨੂੰ ਉਤਸ਼ਾਹਿਤ ਕਰਨਾ ਹੈ। ਵਾਤਾਵਰਣ ਸੰਵੇਦਨਸ਼ੀਲਤਾ ਸਿੱਖ ਧਰਮ ਵਿੱਚ ਡੂੰਘੀਆਂ ਜੜ੍ਹਾਂ ਰੱਖਦੀ ਹੈ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ,

ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤੀ ਮਹਤ।÷

ਇਸ ਸੰਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼ਰਧਾਲੂ ਰੁੱਖ ਲਗਾਉਣ, ਪਲਾਸਟਿਕ-ਮੁਕਤ ਸਮਾਗਮਾਂ ਅਤੇ ਸਾਈਕਲ ਪ੍ਰਭਾਤ ਫੇਰੀ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ। ਅੰਮ੍ਰਿਤਸਰ, ਦਿੱਲੀ, ਪਟਨਾ ਸਾਹਿਬ ਅਤੇ ਨਾਂਦੇੜ ਦੇ ਗੁਰਦੁਆਰਿਆਂ ਨੇ ਵੀ ਇਸ ਸਾਲ ÷ਇੱਕ ਪੌਦਾ, ਇੱਕ ਭਗਤ ਮੁਹਿੰਮ÷ ਸ਼ੁਰੂ ਕੀਤੀ ਹੈ। ਸੰਗਤ ਜੀ ਜੇਕਰ ਅਸੀਂ ਕੱਤਕ ਪ੍ਰਭਾਤ ਫੇਰੀ ਦੀ ਅੰਤਰਰਾਸ਼ਟਰੀ ਪਹੁੰਚ 'ਤੇ ਵਿਚਾਰ ਕਰੀਏ, ਤਾਂ ਪ੍ਰਭਾਤ ਫੇਰੀ 21ਵੀਂ ਸਦੀ ਵਿੱਚ ਬਹੁਤ ਜ਼ਿਆਦਾ ਗਲੋਬਲ ਹੋ ਗਈ ਹੈ। ਵਿਦੇਸ਼ਾਂ ਵਿੱਚ ਭਾਰਤੀ ਭਾਈਚਾਰੇ ਨੇ ਇਸਨੂੰ ÷ਸਵੇਰ ਦੀ ਭਗਤੀ ਦੇ ਤਿਉਹਾਰ÷ ਵਜੋਂ ਸਥਾਪਿਤ ਕੀਤਾ ਹੈ। ਕੈਨੇਡਾ ਅਤੇ ਯੂਨਾਈਟਿਡ ਕਿੰਗਡਮ ਵਿੱਚ, ਸਿੱਖ ਭਾਈਚਾਰਾ, ਸਥਾਨਕ ਸਰਕਾਰਾਂ ਦੇ ਸਮਰਥਨ ਨਾਲ, ਸੜਕਾਂ 'ਤੇ ਪ੍ਰਭਾਤ ਫੇਰੀ ਕਰਵਾਉਣ ਲਈ ਵਿਸ਼ੇਸ਼ ਪਰਮਿਟ ਪ੍ਰਾਪਤ ਕਰਦਾ ਹੈ। ਜਿਸ ਵਿੱਚ ਹਿੰਦੂ, ਮੁਸਲਿਮ, ਈਸਾਈ, ਯਹੂਦੀ ਅਤੇ ਬੋਧੀ ਧਰਮਾਂ ਦੇ ਪ੍ਰਤੀਨਿਧ ਸ਼ਾਮਲ ਹੁੰਦੇ ਹਨ। ਇਹ ਗੁਰੂ ਨਾਨਕ ਦੇਵ ਜੀ ਦੇ ਵਿਸ਼ਵਵਿਆਪੀ ਉਪਦੇਸ਼, ÷ਏਕ ਓਮਕਾਰ ਸਤਿਨਾਮ÷ ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਫੈਲਾਉਂਦਾ ਹੈ, ਕਿ ਸੱਚ ਇੱਕ ਹੈ, ਪਰ ਇਸਨੂੰ ਪ੍ਰਾਪਤ ਕਰਨ ਦੇ ਰਸਤੇ ਬਹੁਤ ਸਾਰੇ ਹਨ। ਗੁਰੂ ਨਾਨਕ ਦੇਵ ਜੀ ਦਾ ਫਲਸਫਾ ਬਹੁਤ ਵਿਆਪਕ ਸੀ। ਉਨ੍ਹਾਂ ਕਿਹਾ ਸੀ:

ਨਾ ਹਿੰਦੂ, ਨਾ ਮੁਸਲਿਮ, ਨਾ ਸਿੱਖ

ਅੱਜ ਸਿਰਫ਼ ਇਕ ਹੀ ਪਛਾਣ ਹੈ - ਇਨਸਾਨ ਭਾਵ ਇੱਕ ਵਿਅਕਤੀ ਨੂੰ ਉਸਦੇ ਕੰਮਾਂ ਦੁਆਰਾ ਨਿਰਣਾ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਉਸਦੇ ਧਰਮ ਦੁਆਰਾ। ਪ੍ਰਭਾਤ ਫੇਰੀ ਇਸ ਵਿਚਾਰਧਾਰਾ ਦਾ ਇੱਕ ਵਿਹਾਰਕ ਪ੍ਰਗਟਾਵਾ ਹੈ। ਜਦੋਂ ਲੋਕ ਇਕੱਠੇ ਤੁਰਦੇ ਹਨ ਅਤੇ ਪ੍ਰਭੂ ਦਾ ਨਾਮ ਜਪਦੇ ਹਨ, ਤਾਂ ਜਾਤ, ਧਰਮ, ਭਾਸ਼ਾ ਅਤੇ ਵਰਗ ਦੇ ਭਿੰਨਤਾਵਾਂ ਅਲੋਪ ਹੋ ਜਾਂਦੀਆਂ ਹਨ। ਇਹ ਇੱਕ ਅਜਿਹਾ ਸਮਾਗਮ ਹੈ ਜੋ ਆਤਮਾ ਅਤੇ ਸਮਾਜ ਦੋਵਾਂ ਨੂੰ ਜੋੜਦਾ ਹੈ। ਇਸ ਵਿੱਚ, ਹਰ ਵਿਅਕਤੀ ਅਨੁਭਵ ਕਰਦਾ ਹੈ ਕਿ ÷ਅਸੀਂ ਸਾਰੇ ਪਰਮਾਤਮਾ ਦੇ ਇੱਕੋ ਪ੍ਰਕਾਸ਼ ਦਾ ਹਿੱਸਾ ਹਾਂ।÷

ਸੰਗਤ ਜੀ ਜੇਕਰ ਅਸੀਂ 5 ਨਵੰਬਰ, 2025 ਨੂੰ ਪਵਿੱਤਰ ਪ੍ਰਭਾਤ ਫੇਰੀ, ਗੁਰੂ ਨਾਨਕ ਜਯੰਤੀ, ਦੇ ਸਮਾਪਤੀ ਦੇ ਪਵਿੱਤਰ ਪਲ 'ਤੇ ਵਿਚਾਰ ਕਰੀਏ, ਤਾਂ 5 ਨਵੰਬਰ, 2025 ਨੂੰ, ਜਦੋਂ ਗੁਰੂ ਨਾਨਕ ਜਯੰਤੀ ਕੱਤਕ ਪੂਰਨਿਮਾ 'ਤੇ ਮਨਾਈ ਜਾਵੇਗੀ, ਪ੍ਰਭਾਤ ਫੇਰੀ ਆਪਣੇ ਸਿਖਰ 'ਤੇ ਪਹੁੰਚ ਜਾਵੇਗੀ। ਇਸ ਦਿਨ, ਸਿੱਖ ਗੁਰਦੁਆਰਿਆਂ ਵਿੱਚ ਮਾਹੌਲ ਸ਼ਰਧਾ ਨਾਲ ਭਰ ਜਾਵੇਗਾ, ਅਖੰਡ ਪਾਠ, ਦੀਵਾਨ ਸਜਾਵਟ, ਸ਼ਾਨਦਾਰ ਨਗਰ ਕੀਰਤਨ, ਲੰਗਰ ਸੇਵਾ ਅਤੇ ਦੀਵੇ ਜਗਾਉਣ ਨਾਲ। ਦੁਨੀਆਂ ਭਰ ਦੇ ਗੁਰਦੁਆਰਿਆਂ ਵਿੱਚ ਰਾਤ ਭਰ ÷ਸ਼ਬਦ ਕੀਰਤਨ÷ ਗੂੰਜਦਾ ਰਹੇਗਾ। ਇਹ ਕ੍ਰਿਸ਼ਮਾ ਸਿਰਫ਼ ਧਾਰਮਿਕ ਨਹੀਂ ਹੋਵੇਗਾ, ਸਗੋਂ ਮਨੁੱਖਤਾ ਦੀ ਏਕਤਾ ਦਾ ਜਸ਼ਨ ਹੋਵੇਗਾ। ਸੰਗਤ ਜੀ ਜੇਕਰ ਅਸੀਂ ਸਮਾਜ ਅਤੇ ਨੌਜਵਾਨ ਪੀੜ੍ਹੀ ਲਈ ਪਵਿੱਤਰ ਪ੍ਰਭਾਤ ਫੇਰੀ ਦੀ ਪ੍ਰੇਰਨਾਦਾਇਕ ਸ਼ਕਤੀ ਦੀ ਗੱਲ ਕਰੀਏ, ਤਾਂ ਅੱਜ ਦੇ ਯੁੱਗ ਵਿੱਚ, ਜਦੋਂ ਦੁਨੀਆ ਭੌਤਿਕਵਾਦ ਅਤੇ ਮੁਕਾਬਲੇ ਦੇ ਜਾਲ ਵਿੱਚ ਫਸੀ ਹੋਈ ਹੈ, ਪ੍ਰਭਾਤ ਫੇਰੀ ਨੌਜਵਾਨਾਂ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਦਿੰਦੀ ਹੈ। ਇਹ ਉਨ੍ਹਾਂ ਨੂੰ ਸਿਖਾਉਂਦੀ ਹੈ ਕਿ ਸਫਲਤਾ ਦਾ ਮਤਲਬ ਸਿਰਫ਼ ਦੌਲਤ ਨਹੀਂ ਹੈ, ਸਗੋਂ ਸਵੈ-ਸੰਤੁਸ਼ਟੀ ਅਤੇ ਸੇਵਾ ਦੀ ਭਾਵਨਾ ਵੀ ਹੈ। 23 ਅਕਤੂਬਰ ਤੋਂ 5 ਨਵੰਬਰ ਤੱਕ ਦਾ ਇਹ ਸਮਾਂ ਹਰ ਦਿਲ ਨੂੰ ਗੁਰੂ ਨਾਨਕ ਦੇਵ ਜੀ ਦੀ ਧੁਰ ਕੀ ਬਾਣੀ ਦੇ ਕੀਰਤਨ ਨਾਲ ਭਰ ਦੇਵੇਗਾ, ÷ਨਾਮ ਜਪੋ ਕਿਰਤ ਕਰੋ, ਵੰਡ ਛਕੋ।÷ ਇਹ ਪੰਦਰਾਂ ਦਿਨਾਂ ਦੀ ਯਾਤਰਾ ਸਿਰਫ਼ ਸੜਕਾਂ 'ਤੇ ਨਹੀਂ, ਸਗੋਂ ਆਤਮਾ ਦੇ ਅੰਦਰ ਕੀਤੀ ਜਾਂਦੀ ਹੈ। ਜਿਵੇਂ ਸੂਰਜ ਹਨੇਰੇ ਨੂੰ ਦੂਰ ਕਰਦਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਪ੍ਰਭਾਤ ਫੇਰੀ ਮਨੁੱਖਤਾ ਦੇ ਦਿਲਾਂ ਵਿੱਚ ਰੋਸ਼ਨੀ ਜਗਾਉਂਦੀ ਹੈ, ਇੱਕ ਅਜਿਹੀ ਰੋਸ਼ਨੀ ਜੋ ਸੀਮਾਵਾਂ ਤੋਂ ਪਾਰ ਜਾਂਦੀ ਹੈ, ਜੋ ਸਾਰਿਆਂ ਨੂੰ ਜੋੜਦੀ ਹੈ, ਜੋ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਸਾਨੂੰ ਦੁਬਾਰਾ ਯਾਦ ਦਿਵਾਉਂਦੇ ਹਨ: ÷ਸਭਨਾਂ ਵਿੱਚ ਇੱਕ ਹੀ ਜੋਤ ਹੈ; ਪਰਮਾਤਮਾ ਦਾ ਪ੍ਰਕਾਸ਼ ਸਾਰਿਆਂ ਵਿੱਚ ਇੱਕੋ ਜਿਹਾ ਹੈ।÷ (ਹਰ ਜੀਵ ਵਿੱਚ ਇੱਕ ਹੀ ਉਸ ਅਕਾਲ ਪੁਰਖ ਦੀ ਜੋਤ ਹੈ)।

# ਕੀ ਡੀ ਜੇ ਦੀ ਧਮਕ ਖੋਹ ਰਹੀ ਹੈ ਜ਼ਿੰਦਗੀਆਂ ...?

ਸਾਡੀ ਸੱਭਿਅਤਾ ਵਿੱਚ ਵਿਆਹ ਸ਼ਾਦੀਆਂ ਦੇ ਮੌਕੇ ਨੱਚਣਾ ਟੱਪਣਾ ਇੱਕ ਸੁਭਾਵਿਕ ਜਿਹੀ ਗੱਲ ਹੈ। ਜਦੋਂ ਖ਼ੁਸ਼ੀ ਦਾ ਮੌਕਾ ਹੋਵੇ ਤਾਂ ਦਿਲ ਅੰਦਰ ਉਮੰਗ , ਮੂੰਹੋਂ ਆਪ ਮੁਹਾਰੇ ਸੰਗੀਤ ,ਕੰਨਾਂ ਵਿੱਚ ਉਸ ਦਾ ਭਿੰਨਾਂ ਭਿੰਨਾਂ ਰਸ ਤੇ ਪੈਰਾਂ ਵਿੱਚ ਥਿੜਕਣ ਸਹਿਜ ਸੁਭਾਅ ਹੀ ਉਪਜਣ ਲੱਗਦੇ ਹਨ। ਪਹਿਲੇ ਸਮਿਆਂ ਵਿੱਚ ਲੜਕੀ ਜਾਂ ਲੜਕੇ ਦੇ ਵਿਆਹ ਵਾਲੇ ਘਰਾਂ ਵਿੱਚ ਗਿਆਰਾਂ ਜਾਂ ਇੱਕੀ ਦਿਨ ਪਹਿਲਾਂ ਹੀ ਰਾਤ ਦੇ ਸਮੇਂ ਪਿੰਡ ਦੀਆਂ ਅਤੇ ਆਂਢ ਗੁਆਂਢ ਦੀਆਂ ਬਜ਼ੁਰਗ ਔਰਤਾਂ ਵੱਲੋਂ ਵਿਆਹ ਵਾਲੇ ਘਰ ਗਾਉਣ ਬਿਠਾਉਣ ਦੀ ਰਸਮ ਵਿੱਚ ਲੰਮੀ ਹੇਕ ਨਾਲ ਪੰਜ ਜਾਂ ਸੱਤ ਘੋੜੀਆਂ ਸੁਹਾਗ ਗਾਉਣ ਦੀ ਰੀਤ ਸੀ ਤੇ ਉਸ ਤੋਂ ਮਗਰੋਂ ਕੁੜੀਆਂ ਚਿੜੀਆਂ ਬੋਲੀਆਂ ਪਾ ਕੇ ਗਿੱਧੇ ਵਿੱਚ ਖ਼ੂਬ ਨੱਚਦੀਆਂ। ਉਹਨਾਂ ਨੂੰ ਜਾਂਦੇ ਹੋਏ ਸ਼ਗਨ ਵਜੋਂ ਉਹਨਾਂ ਦੀ ਝੋਲੀ ਵਿੱਚ ਬੁੱਕ ਬੁੱਕ ਪਤਾਸੇ ਦੇ ਕੇ ਤੋਰਿਆ ਜਾਂਦਾ ਸੀ। ਇਸੇ ਤਰ੍ਹਾਂ ਮੁੰਡਿਆਂ ਵੱਲੋਂ ਵੀ ਕੋਈ ਢੋਲਚੀ ਮੰਗਵਾ ਕੇ ਢੋਲ ਦੀ ਥਾਪ ਤੇ ਬੋਲੀਆਂ ਪਾ ਕੇ ਤੇ ਭੰਗੜਾ ਪਾ ਕੇ ਖ਼ੁਸ਼ੀ ਮਨਾਈ ਜਾਂਦੀ ਸੀ। ਨਾਨਕਿਆਂ ਤੇ ਦਾਦਕਿਆਂ ਵੱਲੋਂ ਸਿੱਠਣੀਆਂ ਗਾਉਣੀਆਂ, ਵਿਆਹ ਵਾਲੇ ਦਿਨ ਕੁੜੀਆਂ ਵੱਲੋਂ ਸਿੱਖਿਆ ਪੜ੍ਹੀ ਜਾਣੀ,ਜੰਝ ਬੰਨ੍ਹਣਾ ਤੇ ਖੋਲ੍ਹਣਾ, ਰਵਾਇਤੀ ਬੈਂਡ ਵਾਜਿਆਂ ਨਾਲ ਬਰਾਤ ਦਾ ਆਗਮਨ ਤੇ ਕੁੜੀ ਦੀ ਵਿਦਾਈ ਕੀਤੀ ਜਾਂਦੀ ਸੀ। ਵਹੁਟੀ ਵਿਆਹ ਕੇ ਲਿਆਉਣੀ ਤਾਂ ਮੇਲ ? ਅਤੇ ਪਿੰਡ ਦੀਆਂ ਕੁੜੀਆਂ ਚਿੜੀਆਂ ਵੱਲੋਂ ਫਿਰ ਗਿੱਧਾ ਪਾਕੇ ਖ਼ੁਸ਼ੀ ਮਨਾਈ ਜਾਂਦੀ ਸੀ। ਸੰਗੀਤ ਦਾ ਵਿਆਹਾਂ ਨਾਲ ? ਇਹੀ ਨਾਤਾ ਸੀ। ਇਸੇ ਤਰ੍ਹਾਂ ਕਈ ਕਈ ਦਿਨ ਵਿਆਹ ਵਾਲੇ ਘਰ ਦੀਆਂ ਰੌਣਕਾਂ ਬਣੀਆਂ ਰਹਿੰਦੀਆਂ ਸਨ ਤੇ ਭਿੰਨਾਂ ਜਿਹਾ ਸੰਗੀਤ ਦਿਮਾਗ ਵਿੱਚ ਗੂੰਜਦਾ ਰਹਿੰਦਾ ਸੀ। ਇਸੇ ਤਰ੍ਹਾਂ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਸੀ। ਇੱਥੋਂ ਤੱਕ ਕਿ ਸਕੂਲਾਂ, ਕਾਲਜਾਂ ਵਿੱਚ ਵਿਦਾਇਗੀ ਸਮਾਰੋਹ ਵਿਦਿਆਰਥੀਆਂ ਵੱਲੋਂ ਛੋਟੀਆਂ ਛੋਟੀਆਂ ਖੇਡਾਂ ਖੇਡ ਕੇ ,ਗੀਤ ਗਾ ਕੇ ,ਸਕਿੱਟ ਪੇਸ਼ ਕਰਕੇ , ਨਕਲਾਂ ਕਰਕੇ , ਕਵਿਤਾਵਾਂ ਪੜ੍ਹਕੇ ਜਸ਼ਨ ਮਨਾਉਣ ਦਾ ਰਿਵਾਜ ਸੀ।



ਸਮੇਂ ਨੇ ਐਸੀ ਤੇਜ਼ ਰਫ਼ਤਾਰੀ ਫੜੀ ਕਿ ਦੇਖਦਿਆਂ ਹੀ ਦੇਖਦਿਆਂ ਵਿਆਹਾਂ ਅਤੇ ਪਾਰਟੀਆਂ ਦੀ ਰੂਪ ਰੇਖਾ ਹੀ ਬਦਲ ਗਈ। ਵਿਆਹ ਘਰਾਂ ਵਿੱਚੋਂ ਨਿਕਲ ਕੇ ਪੈਲੇਸਾਂ ਵਿੱਚ ਚਲੇ ਗਏ ਹਨ ।ਸਾਰੇ ਰੀਤੀ ਰਿਵਾਜ ਵਟਣਾ ਮਲਣਾ, ਮਹਿੰਦੀ ਲਾਉਣਾ,ਜਾਗੋ ਕੱਢਣੀ, ਵਿਆਹ ਸਮਾਗਮ,ਰਿਸੈਪਸ਼ਨ ਕਰਨੀ ਆਦਿ ਸਭ ਕੁਝ ਪੈਲੇਸਾਂ ਵਿੱਚ ਹੋਣ ਲੱਗ ਪਿਆ ਹੈ। ਉੱਥੇ ਰਸਮਾਂ ਤਾਂ ਕੁਝ ਕੁ ਸਮੇਂ ਦਾ ਮਹਿਜ਼ ਇੱਕ ਦਿਖਾਵਾ ਹੀ ਹੁੰਦੀਆਂ ਹਨ ਬਾਕੀ ਸਭ ਕੁਝ ਤਾਂ ਇੱਕੋ ਜਿਹਾ ਹੀ ਹੁੰਦਾ ਹੈ ਜਿਵੇਂ ਮਹਿਮਾਨਾਂ ਦਾ ਆਉਣਾ, ਸਟਾਲਾਂ ਤੇ ਖਾਣਾ ਪੀਣਾ,ਡੀ ਜੇ ਤੇ ਨੱਚਣਾ ਤੇ ਆਪੋ ਆਪਣੇ ਘਰਾਂ ਨੂੰ ਤੁਰ ਜਾਣਾ। ਜੇ ਕੋਈ ਇਹ ਸਾਰੇ ਪ੍ਰੋਗਰਾਮ ਘਰ ਵਿੱਚ ਵੀ ਆਯੋਜਿਤ ਕਰਦਾ ਹੈ ਤਾਂ ਡੀ ਜੇ ਲਗਾਉਣਾ ਤਾਂ ਮੁੱਢਲੀ ਜ਼ਰੂਰਤ ਬਣ ਗਈ ਹੈ। ਅੱਜ ਕੱਲ੍ਹ ਦੇ ਕੁੜੀਆਂ ਮੁੰਡੇ, ਮਾਂ ਪਿਓ ਤੇ ਰਿਸ਼ਤੇਦਾਰ ਸਭ ਡੀ ਜੇ ਦੀ ਉੱਚੀ ਅਵਾਜ਼ ਤੇ ਇਸ ਤਰ੍ਹਾਂ ਨੱਚ ਰਹੇ ਹੁੰਦੇ ਹਨ ਕਿ ਮਾਨੋ ਰਿਸ਼ਤਿਆਂ ਦੀ ਸ਼ਰਮ ਹਯਾ ਬਿਲਕੁਲ ਖੰਭ ਲਾ ਕੇ ਉਡ ਗਈ ਹੁੰਦੀ ਹੈ। ਡੀ ਜੇ ਦੀ ਉੱਚੀ ਅਵਾਜ਼ ਨੇੜੇ ਤੇੜੇ ਦੇ ਘਰਾਂ ਦੀਆਂ ਖਿੜਕੀਆਂ ਦਰਵਾਜ਼ੇ ਤੱਕ ਹਿਲਾ ਰਹੀ ਹੁੰਦੀ ਹੈ, ਕਿਸੇ ਨੂੰ ਕਿਸੇ ਦੀ ਕੋਈ ਅਵਾਜ਼ ਸਮਝ ਨਹੀਂ ਆ ਰਹੀ ਹੁੰਦੀ,ਸਰੀਰ ਦੇ ਅੰਦਰੂਨੀ ਅੰਗਾਂ ਵਿੱਚ ਵੀ ਖਿੜਕੀਆਂ ਦਰਵਾਜ਼ਿਆਂ ਵਾਂਗ ਹੀ ਕੰਪਨ ਜਿਹੀ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

ਹੋ ਰਹੀ ਹੁੰਦੀ ਹੈ। ਅੱਜ ਕੱਲ੍ਹ ਨਵੀਂ ਪੀੜ੍ਹੀ ਦੇ ਯੁਵਕ ਯੁਵਤੀਆਂ ਵੱਲੋਂ ਡੀ ਜੇ ਬਿਨਾਂ ਕੋਈ ਫੰਕਸ਼ਨ ਸੰਪੂਰਨ ਮੰਨਿਆ ਹੀ ਨਹੀਂ ਜਾਂਦਾ। ਇੱਥੋਂ ਤੱਕ ਕਿ ਸਕੂਲਾਂ ਕਾਲਜਾਂ ਦੀਆਂ ਵਿਦਾਇਗੀ ਪਾਰਟੀਆਂ ਵਿੱਚ ਵੀ ਡੀ ਜੇ ਦੀ ਸ਼ਮੂਲੀਅਤ ਕੀਤੀ ਜਾਂਦੀ ਹੈ ਅਤੇ ਕਈ ਵਾਰ ਤਾਂ ਡੀ ਜੇ ਦੀ ਲੋਰ ਤੇ ਨੱਚਦੇ ਟੱਪਦੇ ਗੁਰੂ ਸ਼ਿਸ਼ ਦੀ ਮਰਿਆਦਾ ਵੀ ਛਿੱਕੂ ਵਿੱਚ ਪਾ ਕੇ ਟੰਗੀ ਜਾਂਦੀ ਹੈ। ਅੱਜ ਕੱਲ੍ਹ ਦੀਆਂ ਖਬਰਾਂ ਵਿੱਚ ਵਿਆਹ ਸ਼ਾਦੀਆਂ ਦੇ ਮੌਕੇ ਦੁਲਹਨ ਦੀ ਮੌਤ ,ਲਾੜੇ ਦੀ ਮੌਤ ਜਾਂ ਬਰਾਤ ਵਿੱਚ ਨੱਚਦੇ ਹੋਏ ਕਿਸੇ ਨਜ਼ਦੀਕੀ ਦੀ ਮੌਤ ਹੋਣ ਦੀਆਂ ਮੰਦਭਾਗੀ ਖ਼ਬਰਾਂ ਵਿੱਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਆਏ ਦਿਨ ਇਹੋ ਜਿਹੀਆਂ ਕੋਈ ਨਾ ਕੋਈ ਖ਼ਬਰਾਂ ਸੁਣਨ ਨੂੰ ਮਿਲਦੀਆਂ ਹਨ। ਐਥੋਂ ਤੱਕ ਕਿ ਕੁਝ ਕੁ ਸਮਾਂ ਪਹਿਲਾਂ ਕਰਵਾ ਚੌਥ ਵਾਲੇ ਦਿਨ ਵੀ ਵਰਤ ਖੋਲ੍ਹਣ ਤੋਂ ਕੁਝ ਮਿੰਟ ਪਹਿਲਾਂ ਕਿਸੇ ਔਰਤ ਦੀ ਡੀ ਜੇ ਤੇ ਨੱਚਦੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਇਹ ਤਾਂ ਸੁਣ ਕੇ ਵੀ ਹੈਰਾਨੀ ਹੋਈ ਕਿ ਸਾਰੇ ਦਿਨ ਦੀਆਂ ਭੁੱਖੀਆਂ ਭਾਣੀਆਂ ਔਰਤਾਂ ਨੂੰ ਉੱਚੀ ਅਵਾਜ਼ ਵਿੱਚ ਡੀ ਜੇ ਲਗਾ ਕੇ ਨੱਚਣ ਦੀ ਕੀ ਲੋੜ ਪੈ ਗਈ ਸੀ ? ਇਹ ਕਿਹੋ ਜਿਹਾ ਜਸ਼ਨ ਹੋਇਆ ਜਿਸ ਵਿੱਚ ਆਪਣੀ ਸਿਹਤ ਨਾਲ ਸਿੱਧੇ ਤੌਰ ਤੇ ਆਪ ਹੀ ਖਿਲਵਾੜ ਕੀਤਾ ਜਾਂਦਾ ਹੈ। ਆਮ ਲੋਕ ਇਹੋ ਜਿਹੀਆਂ ਮੌਤਾਂ ਨੂੰ ਕਲਯੁਗ ਦੀ ਨਿਸ਼ਾਨੀ ਆਖ ਕੇ ਗੱਲ ਨਿਬੇੜ ਦਿੰਦੇ ਹਨ। ਇਸ ਦੀ ਅਸਲ ਤਹਿ ਤੱਕ ਕੋਈ ਪਹੁੰਚਣ ਦੀ ਗੱਲ ਹੀ ਨਹੀਂ ਕਰਦਾ। ਕਿਉਂ ਕਿ ਇਹੋ ਜਿਹੀਆਂ ਘਟਨਾਵਾਂ ਪਿੱਛੇ ਕਿਤੇ ਨਾ ਕਿਤੇ ਮਨੁੱਖ ਆਪ ਹੀ ਜ਼ਿੰਮੇਵਾਰ ਨਜ਼ਰ ਆਉਂਦੇ ਹਨ।

ਅਸਲ ਵਿੱਚ ਅਤਿ ਉੱਚੀ ਅਵਾਜ਼ ਵਿੱਚ ਲੱਗਿਆ ਡੀ ਜੇ ਹੀ ਇਸ ਸਭ ਕੁਝ ਦਾ ਮੁੱਖ ਕਾਰਨ ਬਣਦਾ ਹੈ। ਇਸ ਦੀ ਧਮਕ ਸਿੱਧੇ ਤੌਰ ਤੇ ਮਨੁੱਖੀ ਦਿਲ ਅਤੇ ਦਿਮਾਗ ਉੱਤੇ ਅਸਰ ਕਰਦੀ ਹੈ। ਸਮਾਗਮਾਂ ਦੌਰਾਨ ਤਲਿਆ ਅਤੇ ਭਾਰਾ ਖਾਣਾ ਖਾ ਕੇ ਤੇ ਉੱਤੋਂ ਨੱਚ ਟੱਪ ਕੇ ਇੱਕ ਤਾਂ ਪਹਿਲਾਂ ਹੀ ਮਨੁੱਖੀ ਰਕਤਚਾਪ ਉੱਚੇ ਸਤਰ ਤੇ ਪਹੁੰਚ ਜਾਂਦਾ ਹੈ ਤੇ ਉੱਪਰੋਂ ਕੰਨ ਪਾੜਵੀਆਂ ਡੀ ਜੇ ਦੀਆਂ ਅਵਾਜ਼ਾਂ ਨਾਲ ਕਈਆਂ ਨੂੰ ਸਿਰ ਦਰਦ, ਘਬਰਾਹਟ,ਉਲਟੀ ਵਾਂਗ ਮਹਿਸੂਸ ਹੋਣ ਲੱਗਦਾ ਹੈ। ਜਿਸ ਕਾਰਨ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵਧ ਜਾਂਦੀ ਹੈ। ਬਾਹਰਲੇ ਮੁਲਕਾਂ ਵਿੱਚ ਅੰਗਰੇਜ਼ਾਂ ਦੇ ਵਿਆਹਾਂ ਵਿੱਚ ਹਲਕਾ ਮਿਊਜ਼ਿਕ ਚਲਾਇਆ ਜਾਂਦਾ ਹੈ ਜੋ ਕੰਨਾਂ ਨੂੰ ਸੁਰੀਲਾ ਲੱਗਦਾ ਹੈ ਤੇ ਮਨ ਨੂੰ ਸਕੂਨ ਦਿੰਦਾ ਹੈ ਜਿਸ ਨਾਲ ਖ਼ੁਸ਼ੀ ਦੁੱਗਣੀ ਹੋ ਜਾਂਦੀ ਹੈ ।ਸਾਡੇ ਕਿਤੇ ਪੈਲੇਸ ਵਿੱਚੋਂ ਬਾਹਰ ਆਉਂਦੇ ਮਹਿਮਾਨਾਂ ਵੱਲ ਨੂੰ ਗਹੁ ਨਾਲ ਝਾਤੀ ਮਾਰੀਏ ਤਾਂ ਬਹੁਤੇ ਲੋਕ ਬੌਂਦਲੇ ਬੌਂਦਲੇ ਦਿਖਾਈ ਦਿੰਦੇ ਹਨ। ਐਨੀ ਉੱਚੀ ਅਵਾਜ਼ ਵਿੱਚ ਲਾਇਆ ਮਿਊਜ਼ਿਕ ਸਕੂਨ ਦੇਣ ਦੀ ਥਾਂ ਘਬਰਾਹਟ ਹੀ ਪੈਦਾ ਕਰਦਾ ਹੈ। ਇਸ ਦੀ ਉਚੇਚੇ ਤੌਰ ਤੇ ਵਧਾਈ ਹੋਈ ਧਮਕ ਸਾਡੇ ਅੰਦਰੂਨੀ ਅੰਗਾਂ ਤੇ ਬਹੁਤ ਬੁਰਾ ਪ੍ਰਭਾਵ ਪਾਉਂਦੀ ਹੈ। ਇਸ ਸਬੰਧੀ ਸਾਡੇ ਪ੍ਰਦੂਸ਼ਣ ਕੰਟਰੋਲ ਬੋਰਡ ਵਾਲਿਆਂ ਨੂੰ ਧਿਆਨ ਦੇਣ ਦੀ ਲੋੜ ਹੈ। ਉਹਨਾਂ ਵੱਲੋਂ ਉੱਚੀ ਅਵਾਜ਼ ਵਿੱਚ ਤੇਜ਼ ਧਮਕ ਵਾਲੇ ਡੀ ਜੇ ਲਾਉਣ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਪੈਲੇਸ ਮਾਲਕਾਂ ਨੂੰ ਜਾਂ ਘਰਾਂ ਵਿੱਚ ਵੀ ਡੀ ਜੇ ਦੀ ਵੱਖਰੀ ਕਿਸਮ ਦੀ ਤੇਜ਼ ਧਮਕ ਨਾ ਲਗਾਉਣ ਅਤੇ ਅਵਾਜ਼ ਨੂੰ ਸੀਮਤ ਹੱਦ ਤੱਕ ਰੱਖਣ ਲਈ ਹਦਾਇਤਾਂ ਜਾਰੀ ਕਰਨ ਦੀ ਲੋੜ ਹੈ ਤਾਂ ਜੋ ਧੁਨੀ ਪ੍ਰਦੂਸ਼ਣ 'ਤੇ ਕੰਟਰੋਲ ਕਰਨ ਦੇ ਨਾਲ ਨਾਲ ਕੀਮਤੀ ਜਾਨਾਂ ਨੂੰ ਵੀ ਬਚਾਇਆ ਜਾ ਸਕੇ।

# ਦੁਨੀਆਂ ਅੰਦਰ ਸਦਾ ਹੀ ਇਨਸਾਨੀ ਜ਼ਿੰਦਗੀਆਂ ਨੂੰ ਬਚਾਉਣ ਦਾ ਸਬੱਬ ਬਣੀ ਹੈ ਦਸਤਾਰ

– ਸਿੱਖ ਧਰਮ ਅੰਦਰ ਦਸਤਾਰ ਦਾ ਆਪਣਾ ਇੱਕ ਖਾਸ ਮਹੱਤਵ ਹੈ ਜਿਸ ਨੂੰ ਸਜਾ ਕੇ ਇਨਸਾਨ ਮਣਾਂ ਮੂੰਹੀ ਮਾਣ ਤਾਂ ਮਹਿਸੂਸ ਕਰਦਾ ਹੈ ਕਈ ਵਾਰ ਤਾਂ ਖ਼ੁਸ਼ੀ ਵਿੱਚ ਖੀਵਾ ਹੋ ਕੇ ਵੱਡੀਆਂ ਮੱਲਾਂ ਮਾਰ ਲੈਂਦਾ ਹੈ । ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਦਸਤਾਰ ਦਾ ਸਿੱਖੀ ਅੰਦਰ ਮਹੱਤਵ ਕਦੇ ਵੀ ਭੁਲਾਉਣ ਯੋਗ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਨੇ ਪੂਰੀ ਦੁਨੀਆਂ ਅੰਦਰ ਆਪਣਾ ਲੋਹਾ ਮਨਵਾਇਆ ਹੈ ਸਗੋਂ ਇਨਸਾਨੀ ਜ਼ਿੰਦਗੀਆਂ ਨੂੰ ਬਚਾਉਣ ਦਾ ਕੰਮ ਵੀ ਵੱਡੇ ਪੱਧਰ ਤੇ ਪਿਛਲੇ ਲੰਬੇ ਸਮੇਂ ਤੋਂ ਕੀਤਾ ਹੈ ਜਿਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਨਾਮੁਮਕਿਨ ਹੈ । ਕਿਉਂਕਿ ਇਕ ਇਨਸਾਨ ਦੀ ਜਾਨ ਨੂੰ ਬਚਾ ਕੇ ਵੱਡਾ ਕਾਰਜ ਕਿਹਾ ਜਾ ਸਕਦਾ ਹੈ । ਜੇਕਰ ਕਿਸੇ ਵੀ ਇਨਸਾਨ ਦੇ ਟ੍ਰੇਨ , ਬਸ ਜਾਂ ਜਹਾਜ਼ ਵਿਚ ਦਸਤਾਰ ਸਜਾਈ ਹੋਵੇ ਤਾਂ ਉਸ ਨੂੰ ਸਤਿਕਾਰ ਦੇ ਤੌਰ ਤੇ ਫ਼ਤਹਿ ਬੁਲਾਉਣੀ ਅੱਜਕੱਲ੍ਹ ਆਮ ਗੱਲ ਹੋ ਚੁੱਕੀ ਹੈ । ਭਾਵੇਂ ਕਿ ਸਾਡੀ ਆਪਣੀ ਹੀ ਕੌਮ ਵਿੱਚ ਕਈ ਦਸਤਾਰ ਦਸਤਾਰਧਾਰੀਆਂ ਵੱਲੋਂ ਜੋ ਗੁਲ ਖੁਲਾਏ ਜਾ ਰਹੇ ਹਨ ਉਹ ਵੀ ਚਰਚਾ ਦਾ ਵਿਸ਼ਾ ਹਨ ਪਰ ਇਹ ਵਿਸ਼ਾ ਵੱਖਰਾ ਹੈ ਅੱਜ ਅਸੀਂ ਗੱਲ ਕਰਾਂਗੇ ਕੈਨੇਡਾ ਦੀ ਧਰਤੀ ਦੀ ਪਿਛਲੇ ਦਿਨੀਂ ਦਸਤਾਰਧਾਰੀ ਨੌਜਵਾਨਾਂ ਨੇ ਵੱਡਾ ਅਤੇ ਵਿਲੱਖਣ ਅਨੋਖਾ ਕਾਰਜ ਕੀਤਾ ਹੈ ।

ਪੰਜਾਬ ਦੇ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਰਕਾਸ਼ਾ ਦਾ ਨੌਜਵਾਨ ਕੁਲਜਿੰਦਰ ਸਿੰਘ ਜਿਸਦੇ ਪਿਤਾ ਦਾ ਨਾਂ ਨਾਨਕ ਸਿੰਘ ਹੈ । ਪਿਛਲੇ ਕੁਝ ਸਮੇਂ ਤੋਂ ਕੈਨੇਡਾ ਦੀ ਧਰਤੀ ਤੇ ਰਹਿ ਰਿਹਾ ਹੈ । ਭਾਵੇਂ ਸਾਡੇ ਬਹੁਤੇ ਨੌਜਵਾਨ ਉੱਥੇ ਜਾਂਦੇ ਤਾਂ ਪੜ੍ਹਾਈ ਕਰਨ ਹਨ ਪਰ ਕੰਮ ਕਰਨਾ ਵੀ ਉਨ੍ਹਾਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਮਜਬੂਰੀ ਆਖੀ ਜਾ ਸਕਦੀ ਹੈ । ਬਦਕਿਸਮਤੀ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਝੀਲਾਂ ਜਾਂ ਦਰਿਆਵਾਂ ਦੇ ਕਿਨਾਰੇ ਸਾਡੇ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਹੋਣ ਦਾ ਇੱਕ ਦੁਖਦਾਈ ਪਹਿਲੂ ਵੀ ਸਾਹਮਣੇ ਆ ਰਿਹਾ ਹੈ । ਜਿਨ੍ਹਾਂ ਮਾਪਿਆਂ ਦੇ ਨੌਜਵਾਨ ਸਦਾ ਇਸ ਜੱਗ ਤੋਂ ਚਲੇ ਜਾਂਦੇ ਨੇ ਉਨ੍ਹਾਂ ਦੀ ਜ਼ਿੰਦਗੀ ਕੀ ਹੁੰਦੀ ਹੈ ਕਹਿਣ ਦੀ ਲੋੜ ਨਹੀਂ । ਪਿਛਲੇ ਲੰਬੇ ਸਮੇਂ ਤੋਂ ਕਈ ਨੌਜਵਾਨ ਦਰਿਆਵਾਂ ਜਾਂ ਝੀਲਾਂ ਵਿੱਚ ਡੁੱਬ ਕੇ ਆਪਣੀ ਜ਼ਿੰਦਗੀ ਤੋਂ ਹੱਥ ਧੋ ਚੁੱਕੇ ਹਨ ਇਹ ਖਤਰਨਾਕ ਵਰਤਾਰਾ ਹੈ । ਇਸ ਸਾਰੇ ਘਟਨਾਕ੍ਰਮ ਦੌਰਾਨ ਕਈ ਇਕੱਲੇ ਨੌਜਵਾਨ ਆਪਣੇ ਮਾਪਿਆਂ ਦੇ ਇੱਕੋ ਇੱਕ ਪੁੱਤਰ ਸਨ ਜਿਨ੍ਹਾਂ ਦੀਆਂ ਮੌਤਾਂ ਹੋਈਆਂ ਉਹ ਜਿਆਦਾਤਰ ਨੌਜਵਾਨ ਪੜ੍ਹਾਈ ਦੇ ਤੌਰ ਤੇ ਕੈਨੇਡਾ ਦੀ ਧਰਤੀ ਤੇ ਪਹੁੰਚੇ ਸਨ । ਹਰ ਰੋਜ਼ ਇਹ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ ਪਰ ਇਹ ਵਰਤਾਰਾ ਰੁਕਣ ਦਾ ਨਾਮ ਨਹੀਂ ਲੈ ਰਿਹਾ ।

ਪਿਤਾ ਨਾਨਕ ਸਿੰਘ ਅਤੇ ਮਾਤਾ ਅਮਰਜੀਤ ਕੌਰ ਦੇ ਹੋਣਹਾਰ ਸਪੁੱਤਰ ਕੁਲਜਿੰਦਰ ਸਿੰਘ ਨੇ ਆਪਣੇ 4 ਸਾਥੀਆਂ ਗੁਰਪ੍ਰੀਤ ਸਿੰਘ, ਗਗਨਦੀਪ ਸਿੰਘ ,ਅਰਵਿੰਦਰ ਸਿੰਘ ਅਤੇ ਅਜੇ ਕੁਮਾਰ ਦੀ ਮਦਦ ਨਾਲ 2 ਨੌਜਵਾਨਾਂ ਦੀ ਜਾਨ ਨੂੰ ਬਚਾ ਕੇ ਬਹੁਤ ਭਲੇ ਦਾ ਕੰਮ ਕੀਤਾ ਹੈ ਜਿਸ ਨੂੰ ਲੰਬਾ ਸਮਾਂ ਇਤਿਹਾਸ ਦੇ ਪੰਨਿਆਂ ਤੇ ਯਾਦ ਰੱਖਿਆ ਜਾਵੇਗਾ ਕਿਉਂਕਿ ਇਹੋ ਜਿਹਾ ਕੰਮ ਵਿਰਲਾ ਹੀ ਇਨਸਾਨ ਕਰਦਾ ਹੈ ਨਹੀਂ ਤਾਂ ਸਾਰੀ ਦਿਹਾੜੀ ਅਸੀਂ ਆਪਣੇ ਕੰਮਾਂ ਧੰਦਿਆਂ ਵਿੱਚ ਵਿਅਸਤ ਰਹਿੰਦੇ ਹਾਂ ਪਰ ਭਲੇ ਦਾ ਕੰਮ ਵੱਡਾ ਕੰਮ ਹੈ ਇਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ । 2 ਨੌਜਵਾਨਾਂ ਦੀਆਂ ਜਾਨਾਂ ਬਚਾਉਣ ਵਾਲੇ ਕੁਲਜਿੰਦਰ ਸਿੰਘ ਦੇ ਪਿਤਾ ਨਾਲ ਸਾਡਾ ਵਾਹ ਵਾਸਤਾ ਵਰ੍ਹਿਆਂ ਪੁਰਾਣਾ ਹੈ ਉਹ ਇੱਕ ਬੇਹੱਦ ਈਮਾਨਦਾਰ ਅਤੇ ਸਾਦਗੀ ਭਰੀ ਮਿਹਨਤ ਕਰਨ ਵਾਲਾ ਇਨਸਾਨ ਹੈ ਉਸ ਨੇ ਸਮਾਜ ਅੰਦਰ ਆਪਣਾ ਚੰਗਾ ਨਾਂ ਕਮਾਇਆ ਹੈ । ਉਸ ਨੇ ਜ਼ਿਲ੍ਹਾ ਨਵਾਂ ਸ਼ਹਿਰ ਦੇ ਇਸ ਪਿੰਡ ਨੂੰ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਜਗ੍ਹਾ ਦਿਵਾਈ ਅਤੇ ਸਮਾਜ ਅੰਦਰ ਚੰਗਾ ਨਾਮਣਾ ਖੱਟਣ ਵਾਲੇ ਵਿਅਕਤੀਆਂ ਵਜੋਂ ਮਸ਼ਹੂਰ ਕੀਤਾ ਇਸ ਦੇ ਧੰਨਵਾਦੀ ਹੋਵਾਂਗੇ ।

ਪ੍ਰਤੱਖਦਰਸ਼ੀਆਂ ਦੇ ਦੱਸਣ ਮੁਤਾਬਕ ਜਿਸ ਵੇਲੇ ਕੈਨੇਡਾ ਦੇ ਸਰੀ ਸ਼ਹਿਰ ਦੇ ਆਸ ਪਾਸ ਇਕ ਡੂੰਘੇ ਪਾਣੀ ਦੇ ਝੀਲ ਜਾਂ ਦਰਿਆ ਆਖ ਲਈਏ ਉਸ ਵਿੱਚ ਇਹ 2 ਨੌਜਵਾਨ ਡੁੱਬ ਰਹੇ ਸਨ ਤਾਂ ਲੜਕੀਆਂ ਨੇ ਆ ਕੇ ਇਨ੍ਹਾਂ ਜਾਂਬਾਜ਼ ਕੁਲਜਿੰਦਰ ਸਿੰਘ ਵਰਗੇ ਨੌਜਵਾਨਾਂ ਨੂੰ ਦੱਸਿਆ ਤਾਂ ਉਨ੍ਹਾਂ ਵੱਲੋਂ ਆਪਣੀਆਂ ਦਸਤਾਰਾਂ ਅਤੇ ਜੈਕੇਟਾਂ ਦੀ ਮਦਦ ਨਾਲ ਤੁਰੰਤ ਪਾਣੀ ਵਿਚ ਡੁੱਬ ਰਹੇ ਇਨ੍ਹਾਂ ਨੌਜਵਾਨਾਂ ਨੂੰ ਬਾਹਰ ਕੱਢਿਆ । ਲਗਪਗ ਤੇਤੀ ਫੁੱਟ ਲੰਬਾ ਦਸਤਾਰਾਂ ਦਾ ਜੋੜ ਬਣਾ ਕੇ ਨੌਜਵਾਨਾਂ ਵੱਲੋਂ ਖਤਰੇ ਨੂੰ ਸਹੇੜ ਕੇ ਉਨ੍ਹਾਂ ਡੁੱਬ ਰਹੇ ਨੌਜਵਾਨਾਂ ਦੀ ਜਾਨ ਨੂੰ ਬਚਾ ਕੇ ਇੱਕ ਮਾਅਰਕਾ ਮਾਰਿਆ ਜਿਸ ਨੂੰ ਕੈਨੇਡਾ ਦੇ ਸਮਾਜ ਅਤੇ ਸਰਕਾਰ ਵੱਲੋਂ ਸਰਕਾਰ ਵੱਲੋਂ ਬੇਹੱਦ ਪਸੰਦ ਕੀਤਾ ਗਿਆ । ਕਿਉਂਕਿ ਉਹ ਸਰਕਾਰਾਂ ਹੀ ਸਦਾ ਹੀ ਈਮਾਨਦਾਰੀ ਅਤੇ ਦੂਜਿਆਂ ਲਈ ਕੰਮ ਕਰਨ ਵਾਲੇ ਵਿਅਕਤੀਆਂ ਲਈ ਰਾਹ- ਦਸੇਰਾ ਬਣਨ ਵਾਲੇ ਇਨਸਾਨਾਂ ਦੀ ਹੌਂਸਲਾ ਅਫਜਾਈ ਜ਼ਰੂਰ ਕਰਦੀਆਂ ਹਨ । ਜੇਕਰ ਚਾਰੇ ਪਾਸੇ ਘੁਮਾ ਕੇ ਨਿਗ੍ਹਾ ਮਾਰੀਏ ਤਾਂ ਦਸਤਾਰ ਦੀ ਚਰਚਾ ਨੇ ਪੰਜਾਬੀਆਂ ਅਤੇ ਸਿੱਖਾਂ ਦਾ ਸਿਰ ਬੇਹੱਦ ਉੱਚਾ ਕੀਤਾ ਹੈ ਜਿਸ ਨੂੰ ਇੱਕ ਵਿਲੱਖਣ ਕੰਮ ਵਜੋਂ ਪ੍ਰਚਾਰਿਆ ਜਾ ਰਿਹਾ ਹੈ ਪਰ ਨਾਲ ਦੀ ਨਾਲ ਭਲੇ ਦਾ ਕੰਮ ਵੀ ਹੈ ।

ਉਨ੍ਹਾਂ ਲੋਕਾਂ ਬਾਰੇ ਵੀ ਚੰਦ ਸ਼ਬਦ ਲਿਖਣ ਨੂੰ ਜੀਅ ਕਰਦਾ ਹੈ ਜਿਹੜੇ ਹਰ ਸਮੇਂ ਦਸਤਾਰ ਦੀ ਨੁਕਤਾਚੀਨੀ ਕਰਨ ਨੂੰ ਆਪਣਾ ਧਰਮ ਸਮਝਦੇ ਹਨ । ਕਿਉਂਕਿ ਦਸਤਾਰ ਨੇ ਕਦੇ ਵੀ ਕੋਈ ਮਾੜਾ ਕੰਮ ਨਹੀਂ ਕੀਤਾ ਜਦ ਵੀ ਦੁਨੀਆ ਵਿਚ ਸੁਧਾਰ ਦੀ ਗੱਲ ਚੱਲੀ ਤਾਂ ਦਸਤਾਰ ਨੇ ਹਮੇਸ਼ਾਂ ਅੱਗੇ ਹੋ ਕੇ ਆਪਣਾ ਮੋਹਰੀ ਰੋਲ ਨਿਭਾਇਆ ਜਿਸਨੂੰ ਕਦੇ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ । ਭਾਵੇਂ ਸਾਡੇ ਆਗੂ ਆਪਣੇ ਆਗੂਆਂ ਨੇ ਦਸਤਾਰ ਨੂੰ ਪੈਰਾਂ ਹੇਠ ਰੋਲ ਕੇ ਇਸ ਦੀ ਬੇਅਦਬੀ ਕੀਤੀ ਪਰ ਚਲੋ ਜੋ ਵੀ ਕੁਝ ਹੁੰਦਾ ਹੈ ਉਸ ਮਾਲਕ ਦੇ ਹੁਕਮ ਨਾਲ ਹੀ ਹੁੰਦਾ ਹੈ ਇਸ ਤੇ ਅਸੀਂ ਕੁਝ ਵੀ ਨਹੀਂ ਕਰ ਸਕਦੇ ਹਾਂ ਲਿਖ ਜ਼ਰੂਰ ਸਕਦੇ ਹਾਂ ਜਾਂ ਹਾਅ ਦਾ ਨਾਅਰਾ ਜਰੂਰ ਮਾਰ ਸਕਦੇ ਹਾਂ ਜੋ ਸਾਡਾ ਪਹਿਲਾ ਕੰਮ ਹੈ । ਜੇਕਰ ਅਸੀਂ ਕਿਸੇ ਨਾਲ ਖੜ੍ਹ ਨਹੀਂ ਸਕਦੇ ਤਾਂ ਉਸਦੀ ਬੋਲ ਕੇ ਜਾਂ ਲਿਖ ਕੇ ਥੋੜ੍ਹੀ ਬਹੁਤ ਮਦਦ ਕਰ ਸਕਦੇ ਹਾਂ ਇਹ ਸਾਡਾ ਇਖ਼ਲਾਕੀ ਫਰਜ਼ ਹੈ । ਬਿਨਾਂ ਸ਼ੱਕ ਨੌਜਵਾਨਾਂ ਵੱਲੋਂ ਦਸਤਾਰ ਦੇ ਨਾਲ ਕੀਤੇ ਗਏ ਇਸ ਕਾਰਨਾਮੇ ਨੇ ਨਵਾਂ ਸ਼ਹਿਰ ਦੇ ਨਾਲ ਨਾਲ ਪੰਜਾਬੀ ਭਾਈਚਾਰੇ ਦਾ ਸਿਰ ਵੀ ਉੱਚਾ ਕੀਤਾ ਹੈ ਜਿਸ ਬਾਰੇ ਉਸ ਦਾ ਸਨਮਾਨ ਕਰਨ ਨੂੰ ਜੀਅ ਕਰਦਾ ਹੈ । ਕੋਸਸਿ ਹੋਵੇਗੀ ਕਿ ਉਸ ਨੌਜਵਾਨ ਦੀ ਵੱਧ ਤੋਂ ਵੱਧ ਅਸੀਂ ਮਦਦ ਕਰ ਸਕੀਏ ।

ਇੱਥੇ ਇਕ ਘਟਨਾ ਦਾ ਜ਼ਿਕਰ ਹੋਰ ਕਰਨਾ ਚਾਹਾਂਗਾ ਕਿ ਲੰਘੇ ਦਿਨੀਂ ਜਦੋਂ ਮੈਂ ਰਸਤੇ ਵਿੱਚ ਜਾ ਰਿਹਾ ਸੀ ਤਾਂ ਇਕ ਗੱਡੀ ਦਾ ਐਕਸੀਡੈਂਟ ਹੋਇਆ ਵੇਖਿਆ । ਕੋਲ ਜਾ ਕੇ ਜਦੋਂ ਗੱਡੀ ਅੰਦਰ ਟਾਕੀ ਖੋਲ੍ਹ ਕੇ ਵੇਖਣ ਦੀ ਕੋਸ਼ਿਸ਼ ਕੀਤੀ ਉਸ ਗੱਡੀ ਵਿੱਚ ਇੱਕ ਬਜੁਰਗ ਮਾਤਾ ਜ਼ਖ਼ਮਾਂ ਨਾਲ ਤੜਫ ਰਹੀ ਸੀ ਮੈਂ ਤੁਰੰਤ ਤਾਕੀ ਤੋੜ ਕੇ ਉਸ ਨੂੰ ਬਾਹਰ ਕੱਢ ਕੇ ਉਸ ਦੇ ਸਰੀਰ ਤੇ ਹੋਏ ਜ਼ਖਮਾਂ ਨੂੰ ਆਪਣੀ ਦਸਤਾਰ



ਲੇਖਕ- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ ਯੂ.ਐਸ.ਏ.
5592850841

ਦੇ ਨਾਲ ਬੰਨ੍ਹ ਕੇ ਖ਼ੂਨ ਰੋਕਣ ਦੀ ਕੋਸਸਿ ਕੀਤੀ ਅਤੇ ਜ਼ਖ਼ਮਾਂ ਤੇ ਮੱਲ੍ਹਮ ਪੱਟੀ ਕਰਵਾਉਣ ਦੇ ਲਈ ਚਾਰਾਜੋਈ ਸ਼ੁਰੂ ਕਰੀਏ ਤਾਂ ਉੱਥੇ ਪਹੁੰਚੀ ਪੁਲਿਸ ਨੇ ਵੀ ਮੇਰੇ ਇਸ ਦਸਤਾਰ ਨਾਲ ਕੀਤੇ ਕਾਰਜ ਨੂੰ ਖ਼ੂਬ ਸਲਾਹਿਆ ਸੀ ਇਹ ਘਟਨਾ ਬੀਤੇ ਕੁਝ ਸਮੇਂ ਦੀ ਹੈ । ਸੋ ਦਸਤਾਰ ਦੀ ਕਦਰ ਕਰਨੀ ਚਾਹੀਦੀ ਹੈ ਦਸਤਾਰ ਨੇ ਬਹੁਤ ਭਲੇ ਦੇ ਕਾਰਜ ਕੀਤੇ ਹਨ ਆਪਣੇ ਆਪ ਵਿੱਚ ਇੱਕ ਵੱਖਰੀ ਮਿਸਾਲ ਹੈ ।

ਲੇਖਕ- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ ਯੂ.ਐੱਸ.ਏ.
ਕੈਲੇਫੋਰਨੀਆ
5592850841

# ਆਖਿਰਕਾਰ ਕੋਰਟ ਮੈਰਿਜ ਅਤੇ ਅੰਤਰ ਜਾਤੀ ਵਿਆਹ ਕਿਉ ਘੱਟ ਹੁੰਦੇ ਹਨ ਸਫਲ ?



ਸਕਾਊਟ ਮਾਸਟਰ ਸੰਦੀਪ ਕੰਬੋਜ
ਸੰਪਰਕ ਨੰਬਰ- 98594-00002

ਰੱਬ ਨੇ ਸਾਰੇ ਇਨਸਾਨਾਂ ਨੂੰ ਇਕੋ ਜਿਹਾ ਬਣਾਇਆ ਹੈ। ਕਿਸੇ ਇਨਸਾਨ ਦੀ ਕੋਈ ਵੀ ਜਾਤ- ਪਾਤ ਰੱਬ ਦੁਆਰਾ ਨਹੀਂ ਬਣਾਈ ਗਈ ਪਰ ਜਦੋਂ ਇਨਸਾਨ ਧਰਤੀ ਤੇ ਆਇਆ ਤਾਂ ਇਨਸਾਨ ਨੇ ਬਹੁਤ ਸਾਰੀਆਂ ਜਾਤਾ- ਪਾਤਾ ਬਣਾ ਦਿੱਤੀਆਂ। ਪਹਿਲਾਂ ਜੇਕਰ ਮਾਂ ਬਾਪ ਨੇ ਆਪਣੇ ਲੜਕੇ ਜਾਂ ਲੜਕੀ ਦਾ ਰਿਸਤਾ ਕਰਨਾ ਹੁੰਦਾ ਸੀ ਤਾਂ ਉਹ ਆਪਣੀ ਹੀ ਜਾਤ ਦੇ ਵਿੱਚ ਕੀਤਾ ਜਾਂਦਾ ਸੀ ਅਤੇ ਰਿਸਤਾ ਪਸੰਦ ਵੀ ਮਾਂ ਬਾਪ ਹੀ ਕਰਦੇ ਸਨ ਅਤੇ ਬਹੁਤ ਰਿਸਤਿਆਂ ਵਿੱਚ ਤਾਂ ਮੁੰਡੇ ਕੁੜੀ ਇਕ ਦੂਸਰੇ ਨੂੰ ਵਿਆਹ ਤੋਂ ਪਹਿਲਾਂ ਦੇਖਦੇ ਵੀ ਨਹੀਂ ਸਨ । ਵਿਆਹ ਵਾਲੇ ਦਿਨ ਹੀ ਮੁੰਡਾ ਕੁੜੀ ਇਕ ਦੂਸਰੇ ਨੂੰ ਦੇਖਦੇ ਸਨ ਅਤੇ ਉਹ ਰਿਸਤੇ ਬਹੁਤ ਜਿਆਦਾ ਵਧੀਆ ਨਿਭਦੇ ਸਨ। ਜਿਵੇਂ ਜਿਵੇਂ ਸਮਾਂ ਬਦਲਦਾ ਗਿਆ ਮਾਂ ਬਾਪ ਨੇ ਆਪਣੇ ਮੁੰਡੇ ਕੁੜੀਆਂ ਨੂੰ ਵੀ ਰਿਸਤੇ ਵਿੱਚ ਇਕ ਦੂਸਰੇ ਨੂੰ ਦਿਖਾਉਣਾ ਸੁਰੂ ਕਰ ਦਿੱਤਾ,ਜੇਕਰ ਸਾਰੇ ਪਰਿਵਾਰ ਅਤੇ ਮੁੰਡੇ ਨੂੰ ਕੁੜੀ ਜਾਂ ਕੁੜੀ ਨੂੰ ਮੁੰਡਾ ਪਸੰਦ ਹੋਵੇ ਤਾਂ ਰਿਸਤਾ ਹੋ ਜਾਂਦਾ ਜੇਕਰ ਸਾਰੇ ਪਰਿਵਾਰ ਨੂੰ ਨਾਂ ਪਸੰਦ ਹੋਵੇ ਤਾਂ ਉਹ ਰਿਸਤਾ ਨਹੀਂ ਹੁੰਦਾ ਸੀ।ਪਰ ਇਹ ਰਿਸਤੇ ਵੀ ਲਗਭਗ ਪਰਿਵਾਰ ਵਾਲਿਆਂ ਦੀ ਸਹਿਮਤੀ ਨਾਲ ਹੁੰਦੇ ਸਨ ਅਤੇ ਵਿਆਹ ਤੋਂ ਬਾਅਦ ਕੋਈ ਵੀ ਮੁਸੀਬਤ ਪੈਣ ਤੇ ਪਰਿਵਾਰ ਵਾਲੇ ਕੁੜੀ ਮੁੰਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਦੇ ਹਨ ਅਤੇ ਰਿਸਤਾ ਵਧੀਆ ਨਿਭਦਾ ਰਹਿੰਦਾ ਸੀ।ਪਰ ਅੱਜ ਕੱਲ ਸਮਾਂ ਬਹੁਤ ਜਿਆਦਾ ਅਡਵਾਂਸ ਹੋ ਗਿਆ ਬਹੁਤ ਜਿਆਦਾ ਮੁੰਡੇ ਕੁੜੀਆਂ ਘਰ ਵਾਲਿਆਂ ਦੀ ਮਰਜੀ ਤੋਂ ਬਿਨਾਂ ਹੀ ਅੰਤਰਜਾਤੀ ਵਿਆਹ ਕਰਵਾ ਰਹੇ ਹਨ ।ਕਈ ਵਾਰ ਤਾਂ ਅੰਤਰ ਜਾਤੀ ਮੁੰਡੇ ਕੁੜੀ ਇਕ ਦੂਸਰੇ ਨੂੰ ਪਸੰਦ ਕਰ ਕੇ ਘਰ ਦਿਆਂ ਨੂੰ ਮਨਾਉਣ ਦੀ ਕੋਸਸਿ ਕਰਦੇ ਹਨ ਅਤੇ ਘਰ ਵਾਲੇ ਮੰਨ ਜਾਣ ਤਾਂ ਲਵ ਮੈਰਿਜ ਵੀ ਅਰੈਂਜ ਮੈਰਿਜ ਬਣ ਜਾਂਦੀ ਹੈ ਅਤੇ ਘਰ ਵਾਲੇ ਖੁਸੀ ਨਾ ਸਹੀ ਮਜਬੂਰੀ ਵੱਸ ਵਿਆਹ ਕਰ ਦਿੰਦੇ ਹਨ।ਪਰ ਜਦੋਂ ਕਦੇ ਅੰਤਰਜਾਤੀ ਲਵ ਮੈਰਿਜ ਕਰਾਉਣ ਸਮੇਂ ਕੁੜੀ ਜਾਂ ਮੁੰਡੇ ਦੇ ਘਰ ਵਾਲੇ ਨਹੀਂ ਮੰਨਦੇ ਤਾਂ ਕੁੜੀ ਮੁੰਡਾ ਘਰ ਵਾਲਿਆਂ ਦੀ ਮਰਜੀ ਤੋਂ ਬਿਨਾਂ ਹੀ ਕੋਰਟ ਮੈਰਿਜ ਕਰਵਾ ਲੈਂਦੇ ਹਨ ਅਤੇ ਕੁਝ ਸਮਾਂ ਬਾਹਰ ਰਹਿਣ ਤੋਂ ਬਾਅਦ ਮੁੰਡਾ ਆਪਣੇ ਘਰ ਹੀ ਕੁੜੀ ਨਾਲ ਕੋਰਟ ਮੈਰਿਜ ਕਰਵਾ ਕੇ ਆ ਜਾਂਦਾ ਹੈ। ਜੇਕਰ ਕੋਈ ਨੀਵੀਂ ਜਾਤ ਦਾ ਕੋਈ ਧੀ-ਪੁੱਤ ਕਿਸੇ ਉੱਚੀ ਜਾਤੀ ਦੇ ਕੁੜੀ ਜਾਂ ਮੁੰਡੇ ਨੂੰ ਆਪਣੇ ਜੀਵਨ ਸਾਥੀ ਵਜੋਂ ਚੁਣਨ ਦਾ ਫੈਸਲਾ ਲੈਂਦਾ ਹੈ ਤਾਂ ਸਾਡੇ ਸਮਾਜ ਵਿੱਚ ਉਹਨਾਂ ਨਾਲ਼ ਜੋ ਹੁੰਦਾ ਹੈ ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ ।ਬਹੁਤੇ ਕੇਸਾਂ ਵਿੱਚ ਤਾਂ ਅਣਖ ਦੇ ਨਾਂ 'ਤੇ ਕਤਲ ਤੱਕ ਹੁੰਦੇ ਹਨ। ਜੋ ਜਿਉਂਦੇ ਰਹਿ ਵੀ ਜਾਂਦੇ ਹਨ ਸਮਾਜ ਉਹਨਾਂ ਨੂੰ ਮਿਹਣੇ ਦੇ-ਦੇ ਕੇ ਮਾਰਨ ਦੀ ਕੋਈ ਕਸਰ ਨਹੀਂ ਛੱਡਦਾ। ਇੰਟਰ ਕਾਸਟ ਮੈਰਿਜ ਵਿੱਚ ਸਭ ਤੋ ਵੱਡੀ ਮੁਸਕਿਲ ਇਹ ਆਉਂਦੀ ਹੈ ਕਿ ਹਰੇਕ ਬਰਾਦਰੀ ਦੇ ਰੀਤੀ ਰਿਵਾਜ , ਰਹਿਣ ਸਹਿਣ ਅਤੇ ਖਾਣ-ਪੀਣ ਦੇ ਸਿਸਟਮ ਅਲੱਗ ਅਲੱਗ ਹਨ। ਜਦੋਂ ਕੋਈ ਕੁੜੀ ਆਪਣੇ ਸਹੁਰੇ ਘਰ ਲਵ ਮੈਰਿਜ ਜਾ ਕੋਰਟ ਮੈਰਿਜ ਕਰਵਾ ਕੇ ਜਾਂਦੀ ਹੈ ਤਾਂ ਸੱਸ,ਸਹੁਰਾ ਅਤੇ ਬਾਕੀ ਰਿਸਤੇਦਾਰ ਉਸ ਕੁੜੀ ਨੂੰ ਚੰਗਾ ਨਹੀਂ ਸਮਝਦੇ ਕਿਉਂਕਿ ਉਸ ਕੁੜੀ ਨੇ ਆਪਣੇ ਮਾਤਾ-ਪਿਤਾ ਦੀ ਮਰਜੀ ਤੋਂ ਬਿਨਾਂ ਵਿਆਹ ਕਰਵਾਇਆ ਹੁੰਦਾ ਹੈ। ਜੇਕਰ ਮੁੰਡਾ ਵੀ ਕਈ ਵਾਰ ਪਤਨੀ ਦੀ ਸਪੋਰਟ ਕਰੇ ਤਾਂ ਘਰ ਵਾਲੇ ਮੁੰਡੇ ਨਾਲ ਵੀ ਚੰਗਾ ਵਿਵਹਾਰ ਨਹੀਂ ਕਰਦੇ ।ਹਰੇਕ ਬਿਰਾਦਰੀ ਦੇ ਵੱਖ-ਵੱਖ ਰੀਤੀ ਰਿਵਾਜ ਹੋਣ ਕਰਕੇ ਕੁੜੀ ਨੂੰ ਦੂਸਰੀ ਬਿਰਾਦਰੀ ਦੇ ਮੁੰਡੇ ਵਾਲਿਆਂ ਘਰ ਅਡਜਸਟਮੈਂਟ ਕਰਨਾ ਬਹੁਤ ਜਿਆਦਾ ਔਖਾ ਹੋ ਜਾਂਦਾ ਹੈ ਅਤੇ ਸੱਸ ਨੂੰ ਨੂੰਹ ਨਾਲ ਅਡਜਸਟਮੈਂਟ ਕਰਨਾ ਹੋਰ ਵੀ ਔਖਾ ਹੋ ਜਾਂਦਾ ਹੈ ਕਿਉਂਕਿ ਹਰੇਕ ਬਰਾਦਰੀ ਦੇ ਰਹਿਣ ਸਹਿਣ ਦੇ ਢੰਗ ਅਲੱਗ ਅਲੱਗ ਹਨ ।ਉਦਾਹਰਨ ਵਜੋਂ ਜੇਕਰ ਕਿਸੇ ਹੋਰ ਜਾਤੀ ਦੇ ਪਰਿਵਾਰ ਦਾ ਰਿਸਤਾ ਕਿਸੇ ਦੂਸਰੀ ਬਰਾਦਰੀ ਵਾਲੇ ਘਰ ਨਾਲ ਜੁੜ ਜਾਂਦਾ ਹੈ ਤਾਂ ਕਈ ਵਾਰ ਉਹਨਾਂ ਦੇ ਆਪਸੀ ਰੀਤੀ ਰਿਵਾਜ ਅਤੇ ਰਹਿਣ ਸਹਿਣ ਦਾ ਢੰਗ ਆਪਸ ਵਿੱਚ ਮੇਲ ਨਹੀਂ ਖਾਂਦੇ ਕਿਉਂਕਿ ਕਈ ਬਰਾਦਰੀਆਂ ਦਾ ਰਹਿਣ ਸਹਿਣ ਦਾ ਸਿਸਟਮ ਬਹੁਤ ਜਿਆਦਾ ਖੁੱਲਾ - ਡੁੱਲਾ ਅਤੇ ਖੇਤ - ਘਰ ਵਿੱਚ ਹੱਥੀਂ ਕੰਮ ਕਾਰ ਕਰਨ ਵਾਲਾ ਹੁੰਦਾ ਹੈ ਪਰ ਦੂਸਰੀ ਬਰਾਦਰੀ ਵਿੱਚ ਜਿਆਦਾਤਰ ਜੀਂਦਗੀ ਐਸ਼ ਪ੍ਰਸਤੀ ਦੀ ਹੁੰਦੀ ਹੈ ਜਿਵੇਂ ਕਿ ਲੇਟ ਉੱਠਣਾ,ਘਰ ਵਿੱਚ ਨੌਕਰ ਨੇ ਝਾੜੂ ਪੋਚਾ ਕਰਨਾ,ਨੌਕਰਾਨੀ ਨੇ ਕੱਪੜੇ ਧੋਣੇ ਅਤੇ ਖਾਣਾਂ ਬਣਾਉਣਾ ਆਦਿ।ਇਹੀ ਸਭ ਫਰਕ ਕਰਕੇ ਅੰਤਰਜਾਤੀ ਵਿਆਹ ਬਹੁਤ ਜਿਆਦਾ ਘੱਟ ਸਫਲ ਹੁੰਦੇ ਹਨ ਅਤੇ ਘਰ ਵਿੱਚ ਹਰ ਰੋਜ ਲੜਾਈਆਂ ਹੀ ਹੁੰਦੀਆਂ ਰਹਿੰਦੀਆਂ ਹਨ।ਜਿਹੜੀ ਕੁੜੀ ਕੋਰਟ ਮੈਰਿਜ ਕਰਵਾ ਕੇ ਸਹੁਰੇ ਘਰ ਆਉਂਦੀ ਹੈ ਉਹ ਕੁੜੀ ਆਪਣੇ ਵੱਲੋਂ ਹਰ ਸੰਭਵ ਕੋਸਸਿ ਕਰਦੀ ਹੈ ਸਹੁਰੇ ਘਰ ਵਸਣ ਦੀ।ਉਹ ਕੁੜੀ ਚਾਹੇ ਪਿਛੋਂ ਪੇਕੇ ਘਰ ਜਿੰਨੀ ਮਰਜੀ ਲਗਜਰੀ ਜੀਂਦਗੀ ਛੱਡ ਕੇ ਆਈ ਹੋਵੇ ਪਰ ਉਹ ਸਹੁਰੇ ਘਰ ਹਰ ਹਾਲਤ ਵਿੱਚ ਆਪਣੇ ਆਪ ਨੂੰ ਅਡਜਸਟਮੈਂਟ ਕਰਨ ਦੀ ਪੂਰੀ ਕੋਸਸਿ ਕਰਦੀ ਹੈ ਪਰ ਜਿਆਦਾਤਰ ਸੱਸਾ ਵੱਲੋਂ ਉਹਨਾਂ ਨੂੰ ਹਰ ਗੱਲ ਨਾਲ ਘਰੋਂ ਭੱਜ ਕੇ ਵਿਆਹ ਕਰਵਾਉਣ ਦਾ ਤਾਹਨਾ ਮੇਹਨਾ ਮਾਰਿਆ ਜਾਂਦਾ ਹੈ ਅਤੇ ਗੱਲ ਗੱਲ ਤੇ ਜਲੀਲ ਕੀਤਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਜਿਹੜੀ ਕੁੜੀ ਆਪਣੇ ਘਰ ਵਾਲਿਆਂ ਦੀ ਨਹੀਂ ਹੋਈ ਉਹਨੇ ਸਾਡਾ ਕੀ ਹੋਣਾ। ਕਈ ਵਾਰ ਸੱਸ ਵੱਲੋਂ ਆਪਣੇ ਪੁੱਤਰ ਨੂੰ ਚੰਗਾ ਸਮਝਿਆ ਜਾਂਦਾ ਹੈ ਪਰ ਨਹੁੰ ਨੂੰ ਨਹੀਂ ।ਇਸ ਸਭ ਦੇ ਵਿਚਕਾਰ ਮੁੰਡਾ ਅੱਧ ਵਿਚਕਾਰ ਫਸ ਜਾਂਦਾ ਹੈ ਜੇਕਰ ਮੁੰਡਾ ਮਾਂ ਦੀ ਗੱਲ ਮੰਨੇ ਤਾਂ ਘਰਵਾਲੀ ਲੜਦੀ ਹੈ ਅਤੇ ਘਰਵਾਲੀ ਦੀ ਗੱਲ ਮੰਨੇ ਤਾਂ ਮਾਂ ਲੜਦੀ ਹੈ ।ਜੇਕਰ ਮੁੰਡੇ ਕੁੜੀ ਦੀ ਆਪਸ ਵਿੱਚ ਬਣ ਜਾਵੇ ਫਿਰ ਤਾਂ ਕਿਸੇ ਹੱਦ ਤੱਕ ਜੀਂਦਗੀ ਵਧੀਆ ਬਤੀਤ ਹੋ ਜਾਂਦੀ ਹੈ ਪਰ ਜੇਕਰ ਮੁੰਡੇ ਕੁੜੀ ਦੀ ਆਪਸ ਵਿੱਚ ਵੀ ਨਾਂ ਬਣੇ ਤਾਂ ਮੁੰਡਾ ਵੀ ਆਪਣੀ ਮਾਂ ਦੀ ਤਰਫ ਹੋ ਜਾਂਦਾ ਹੈ ਅਤੇ ਕੁੜੀ ਇਕੱਲੀ ਹਰ ਰੋਜ ਲੜਾਈਆਂ ਵਾਲੀ ਨਰਕ ਭਰੀ ਜੀਂਦਗੀ ਬਤੀਤ ਕਰਨ ਲਈ ਮਜਬੂਰ ਹੋ ਜਾਂਦੀ ਹੈ ਅਤੇ ਫਿਰ ਗੱਲ ਤਲਾਕ ਤੱਕ ਪਹੁੰਚ ਜਾਂਦੀ ਹੈ ਪਰ ਇਸ ਸਭ ਮੁਸੀਬਤ ਵਿੱਚ ਕੁੜੀ ਦੇ ਮਾਂ ਬਾਪ ਅਤੇ ਰਿਸਤੇਦਾਰ ਵੀ ਕੁੜੀ ਦੀ ਕੋਈ ਸਪੋਰਟ ਜਾ ਮਦਦ ਨਹੀਂ ਕਰਦੇ ਕਿਉਂਕਿ ਕੁੜੀ ਨੇ ਪਹਿਲਾਂ ਹੀ ਆਪਣੇ ਮਾਂ ਬਾਪ ਨੂੰ ਛੱਡ ਕੇ ਆਪਣੀ ਮਰਜੀ ਨਾਲ ਵਿਆਹ ਕਰਵਾਇਆ ਹੁੰਦਾ ਹੈ। ਸਾਡਾ ਸਮਾਜ ਲਵ ਮੈਰਿਜ ਜਾ ਕੋਰਟ ਮੈਰਿਜ ਨੂੰ ਬਹੁਤ ਜਿਆਦਾ ਘੱਟ ਪਸੰਦ ਕਰਦਾ ਹੈ।

# ਮਿੰਨੀ ਕਹਾਣੀ ਕਾਤਲ

ਸ਼ੀਰੇ ਮੈਂਬਰ ਦਾ ਫੋਨ ਆਇਆ," ਮਾਸਟਰ , ਭਾਣਾ ਵਰਤ ਗਿਆ, ਡਾਕਟਰ ਨੇ ਫਾਹਾ ਲੈ ਲਿਆ ਏ, ਜਲਦੀ ਆ" । ਮੈਨੂੰ ਇੰਝ ਜਾਪਿਆ ਜਿਵੇਂ ਅੱਜ ਤਾਂ ਸਿਰਫ ਐਲਾਨ ਹੋਇਆ, ਮੇਰਾ ਖਾਸ ਯਾਰ ਬਲਦੇਵ ਡਾਕਟਰ ਤਾਂ ਕਿੰਨਾਂ ਚਿਰ ਪਹਿਲਾਂ ਈ ਮਰ ਚੁੱਕਾ ਸੀ ਹਾਲਾਂਕਿ ਮੈਂ ਹਰਸੰਭਵ ਕੋਸ਼ਿਸ਼ ਕੀਤੀ ਪਰ ਉਸਨੂੰ ਨ੍ਹੀਂ ਬਚਾ ਸਕਿਆ। ਜੀਤੋ ਵਾਰ-ਵਾਰ ਬੇਹੋਸ਼ ਹੋ ਰਹੀ ਸੀ, ਪਰ ਜਦੋਂ ਧੀ ਸਿੰਮੀ ਰੋਂਦੀ ਹੋਈ ਅੰਦਰ ਆਉਣ ਲੱਗੀ ਤਾਂ ਪਤਾ ਨ੍ਹੀਂ ਕਿਧਰੋਂ ਤਾਕਤ ਆਈ," ਦਫਾ ਹੋ ਜਾ, ਕਾਤਲ ਏ ਤੂੰ , ਕਾਤਲ , ਮੈਨੂੰ ਰੰਡੀ ਕਰਨ ਆਲੀ ਕਾਤਲ ਤੂੰ ਏ, ਕਾਤਲ,,ਕਾਤਲ" । ਜੀਤੋ ਫੇਰ ਬੇਹੋਸ਼ ਹੋ ਗਈ। ਪਿੰਡ ਦਾ ਸਰਬ ਸਾਂਝਾ ਆਰ ਐਮ ਪੀ ਡਾਕਟਰ, ਜੋ ਪੈਸੇ ਲਈ ਨਹੀਂ ਸਗੋਂ ਸੇਵਾ ਲਈ ਡਾਕਟਰੀ ਕਰਦਾ, ਪੂਰਾ ਪਿੰਡ ਬਲਦੇਵ ਦੀ ਇੱਜ਼ਤ ਕਰਦਾ। ਪੰਜ ਕਿਲਿਆਂ ਦਾ ਮਾਲਕ, ਨਿਮਰ ਤੇ ਸਰਬ ਸੰਤੋਖ ਵਾਲਾ ਇਨਸਾਨ। ਬਲਦੇਵ ਦੇ ਘਰ ਮੁੰਡੇ ਤੋਂ ਬਾਅਦ ਜਦੋਂ ਸਿੰਮੀ ਨੇ ਜਨਮ ਲਿਆ ਤਾਂ ਬਲਦੇਵ ਨੇ ਪੂਰਾ ਚਾਅ ਕੀਤਾ। ਉਹ ਸਮਾਜ ਚ ਧੀਆਂ ਦੀ ਦਸ਼ਾ ਤੇ ਵਿਤਕਰੇ ਪ੍ਰਤਿ ਲੋਕਾਂ ਨੂੰ ਸਮਝਾਉਂਦਾ ਤੇ ਪਿੰਡ ਚ ਸਾਂਝੇ ਪ੍ਰੋਗਰਾਮਾਂ ਚ ਬਹੁਤ ਵਧੀਆ ਵਿਚਾਰ ਰੱਖਦਾ। ਸਿੰਮੀ ਪਹਿਲੀ ਕੁੜੀ ਬਣੀ ਜਿਸਦੀ ਪੂਰੇ ਪਿੰਡ ਨੂੰ ਪਾਰਟੀ ਕੀਤੀ ਗਈ। ਘਰ ਦੇ ਆਮ ਹਾਲਾਤ ਪਰ ਬਲਦੇਵ ਨੇ ਧੀ ਦਾ ਹਰ ਸ਼ੌਂਕ ਪੂਰਾ ਕਰਨਾ, ਵਧੀਆ ਸਕੂਲੀ ਪੜਾਈ ਤੋਂ ਬਾਅਦ ਵੱਡੇ ਕਾਲਜ ਚ ਮੋਟੀ ਫੀਸ ਭਰ ਦਾਖਲ ਕਰਵਾਇਆ। ਬਲਦੇਵ, ਸਿੰਮੀ ਨੂੰ ਬਹੁਤ ਜਿਆਦਾ ਪਿਆਰ ਕਰਦਾ ਤੇ ਸਿੰਮੀ ਨੂੰ ਵੀ ਆਪਣਾ ਬਾਪੂ ਹੀਰੋ ਈ ਜਾਪਦਾ ਸੀ, ਬਲਦੇਵ ਕਦੇ ਸਿੰਮੀ ਤੋਂ ਬਿਨਾਂ ਖਾਣਾ ਨਾਂ ਖਾਂਦਾ।ਸਾਇੰਸ ਦੀ ਬੈਚਲਰ ਡਿਗਰੀ ਕਰਦੀ ਸੋਹਣੀ ਸੁਨੱਖੀ ਸਿੰਮੀ , ਕਾਲਜ ਦੀ ਸੜਕ ਦੇ ਪੱਕੇ ਸ਼ਿੰਗਾਰ, ਵਿਹਲੜ, ਫੁਕਰੇ ਗੈਰੀ ਨੂੰ ਕਦੋਂ ਆਪਣੇ ਬਾਪ ਤੋਂ ਵੱਡਾ ਹੀਰੋ ਸਮਝਣ ਲੱਗ ਗਈ ,ਪਤਾ ਈ ਨਾਂ ਲੱਗਾ ।ਬਲਦੇਵ ਦੀ ਮਾਮੀ ਨੇ ਆਪਣੇ ਭਤੀਜੇ, ਨੰਬਰਦਾਰ ਦੇ ਮੁੰਡੇ ਦੇ ਲਈ ਸਿੰਮੀ ਦੀ ਗੱਲ ਤੋਰੀ, ਮੁੰਡਾ ਸਾਊ, ਵਧੀਆ ਪਰਿਵਾਰ ,ਪਰ ਬਲਦੇਵ ਨੇ ਨਾਂਹ ਕਰ ਦਿੱਤੀ,ਅਸਲ ਚ ਸਿੰਮੀ ਲਈ ਉਹਦੇ ਸੁਪਨੇ ਬਹੁਤ ਵੱਡੇ ਸਨ।

ਜਦੋਂ ਜਵਾਨ ਧੀ, ਕਿਸੇ ਗੈਰ ਨਾਲ ਅਚਨਚੇਤ ਨੇੜੇ ਹੋਜੇ ਤਾਂ ਮਾਂ ਦੀ ਅੱਖ ਝੱਟ ਪਛਾਣ ਜਾਂਦੀ ਏ, ਜਦੋਂ ਮਾਂ ਨੇ ਸਿੰਮੀ ਤੇ ਸਖਤੀ ਕੀਤੀ ਤਾਂ ਉਹਨੇ ਗੈਰੀ ਬਾਰੇ ਦੱਸ ਦਿੱਤਾ। ਬਲਦੇਵ ਨੂੰ ਤਾਂ ਯਕੀਨ ਈ ਨਾਂ ਆਇਆ ਪਰ ਸਿੰਮੀ , ਗੈਰੀ ਦੇ ਅਖੌਤੀ ਇਸ਼ਕ ਚ ਮਾਪਿਆਂ ਦੇ ਪਵਿੱਤਰ ਪਿਆਰ ਨੂੰ ਪਹਿਲਾਂ ਈ ਭੁੱਲ ਚੁੱਕੀ ਸੀ, ਅੱਜ ਉਹਨੇ ਆਪਣੇ ਬਾਪ ਬਲਦੇਵ ਨੂੰ ਗੈਰੀ ਨਾਲ ਹੀ ਵਿਆਹ ਕਰਵਾਉਣ ਦੀ ਗੱਲ ਸਾਫ ਕਹਿ ਦਿੱਤੀ ਤਾਂ ਬਲਦੇਵ ਹੱਕਾ-ਬੱਕਾ ਰਹਿ ਗਿਆ। ਸੁਪਨੇ ਟੁੱਟਣ ਤੇ ਵੀ ਬਲਦੇਵ ਨੇ ਸਿਆਣਪ ਵਰਤਦਿਆਂ ਗੈਰੀ ਨੂੰ ਤੇ ਪਰਿਵਾਰ ਨੂੰ ਮਿਲਣ ਦੀ ਗੱਲ ਆਖਦਿਆਂ ਧੀ ਨੂੰ ਕੁਝ ਨਾਂ ਕਿਹਾ। ਵਿਹਲੜ ਗੈਰੀ ਦੇ ਸੱਚ ਦਾ ਪਤਾ ਲੱਗਣ ਤੇ ਬਲਦੇਵ ਨੇ ਸਿੰਮੀ ਨੂੰ ਸਮਝਾਉਣ ਲਈ ਵਾਅ ਲਾ ਦਿੱਤੀ ਪਰ ਕਈ ਕੁੜੀਆਂ ਆਪਣੇ ਪੂਰੇ ਇਲਾਕੇ ਚ ਅਗਲੇ ਕਈ ਸਾਲਾਂ ਤੱਕ ਕੁੜੀਆਂ ਤੇ ਪਾਬੰਦੀਆਂ ਲਵਾਉਣ ਦਾ ਕਾਰਨ ਬਣਦੀਆਂ ਨੇਂ, ਸਿੰਮੀ ਵੀ ਬਣੀ, ਹੈਰੀ ਨਾਲ ਭੱਜ, ਕੋਰਟ ਚ ਵਿਆਹ ਰਚਾਉਣ ਤੋਂ ਬਾਅਦ ਥਾਣੇ ਚ ਬਲਦੇਵ ਖਿਲਾਫ ਈ ਸ਼ਿਕਾਇਤ ਕਰ ਦਿੱਤੀ। ਅਗਲੇ ਦਿਨ ਅਖਬਾਰ ਦੀ ਵੱਡੀ ਖਬਰ ਸੀ, " ਕਲਯੁੱਗੀ ਪਿਓ, ਧੀ ਤੇ ਰੱਖਦਾ ਸੀ ਬੁਰੀ ਨਜ਼ਰ, ਬਹਾਦਰ ਧੀ ਨੇ ਲਵ ਮੈਰਿਜ ਕਰਾ ਪਾਈ ਆਜਾਦੀ" ।ਆਹ ਤਾਂ ਬਸ ਕਹਾਣੀ ਸੀ ਪਰ ਸਾਡੇ ਦੇਸ਼ ਵਿੱਚ ਦਰਜ ਕਰਵਾਏ ਜਾਣ ਵਾਲੇ ਬਲਾਤਕਾਰ ਤੇ ਦਾਜ ਦੇ ਜਿਆਦਾਤਰ ਕੇਸ ਫਰਜ਼ੀ ਪਾਏ ਜਾਂਦੇ ਹਨ। ਸੋ ਇਸ ਤਰਾਂ ਦੀ ਸਿਰਫ ਸ਼ਿਕਾਇਤ ਦਰਜ ਹੋਣ ਤੇ ਕਿਸੇ ਨੂੰ ਦੋਸ਼ੀ ਨ੍ਹੀਂ ਮੰਨ੍ਹ ਲੈਣਾ ਚਾਹੀਦਾ। ਹਰੇਕ ਮਰਦ ਜਾਲਮ ਨ੍ਹੀਂ ਹੁੰਦਾ ਤੇ ਹਰੇਕ ਔਰਤ ਨਿਰਦੋਸ਼,ਅਬਲਾ ਨਹੀਂ ਹੁੰਦੀ।

**ਅਸ਼ੋਕ ਸੋਨੀ , ਕਾਲਮਨਵੀਸ**
**ਪਿੰਡ ਖੂਈ ਖੇੜਾ, ਫਾਜ਼ਿਲਕਾ, ਪੰਜਾਬ**
9872705078

# ਭਾਰਤ ਦੀ ਸਥਿਤੀ



ਭਾਰਤ ਦੀ ਸਥਿਤੀ ਬਹੁਤ ਗੰਭੀਰ ਹੈ ਤੇ ਤਰਸਯੋਗ ਨਜਰ ਆਉਂਦੀ ਹੈ ।ਸਦੀਆਂ ਤੋਂ ਕਿਹਾ ਜਾ ਰਿਹਾ ਹੈ ਕਿ ਭਾਰਤ ਪੂਰੀ ਦੁਨੀਆਂ ਵਿੱਚ ਵੱਡਾ ਲੋਕਤੰਤਰ ਹੈ ।ਪਰ ਇੱਥੇ ਅੰਨਦਾਤਾ ਫਾਹਾ ਲੈ ਕੇ ਮਰ ਰਿਹਾ ਹੈ। ਦਿੱਤੇ ਹੋਏ ਧਰਨੇ ਨੂੰ ਮੰਤਰੀ ਪਿਕਨਿਕ ਸਪੌਟ ਦੇ ਦੱਸ ਰਹੇ ਹਨ ।ਖ਼ੁਦਕਸ਼ੀ ਉਪਰੰਤ ਮਰਨ ਵਾਲੇ ਕਿਸਾਨ ਦੇ ਪਰਿਵਾਰ ਨੂੰ ਇਨਾਮ ਵਜੋਂ ਭੇਟਾ ਦਿੱਤੀ ਜਾ ਰਹੀ ਹੈ, ਹੋਰਨਾਂ ਨੂੰ ਆਤਮਹੱਤਿਆ ਕਰਨ ਦਾ ਪ੍ਰੇਰਿਆ ਜਾ ਰਿਹਾ ਹੈ। ਨੌਜਵਾਨ ਹੱਥਾਂ ਵਿੱਚ ਡਿਗਰੀਆਂ ਲੈ ਕੇ ਘੁੰਮ ਰਹੇ ਹਨ। ਨਕਲੀ ਡਿਗਰੀਆਂ ਵੀ ਭਰਮਾਰ ਹੈ ।ਚਪੜਾਸੀ ਲੱਗਣ ਲਈ ਪੀਐਚ ਡੀ ਕਰ ਚੁੱਕੇ ਨੌਜਵਾਨ ਵੀ ਲਾਈਨ ਵਿੱਚ ਲੱਗੇ ਹੋਏ ਹਨ। ਸਾਡੇ ਦੇਸ਼ ਲਈ ਸ਼ਰਮ ਵਾਲੀ ਗੱਲ ਹੈ ,ਸਕੂਲਾਂ ਵਿੱਚ ਪੂਰੇ ਅਧਿਆਪਕ ਨਹੀਂ ਹਨ। ਜੇ ਹਨ ਤਾਂ ਸਰਕਾਰ ਉਨ੍ਹਾਂ ਦੀਆਂ ਡਿਊਟੀਆਂ ਊਟ ਪਟਾਂਗ ਜਗ੍ਹਾ ਤੇ ਲਗਾ ਦਿੰਦੀ ਹੈ। ਸਰਕਾਰ ਨੂੰ ਪੜ੍ਹਾਈ ਤੋਂ ਫ਼ਾਇਦਾ ਨਹੀਂ ਠੇਕਿਆਂ ਤੋਂ ਫਾਇਦਾ ਹੈ। ਇਸ ਲਈ ਠੇਕੇ ਕਰੋਨਾ ਵਿੱਚ ਵੀ ਖੁੱਲ੍ਹੇ ਹਨ ।ਸਿੱਖਿਆ ਪ੍ਰਸਾਰ ਪੂਰੀ ਤਰ੍ਹਾਂ ਨਾਲ ਠੱਪ ਹੋ ਗਿਆ ਹੈ। ਸਰਕਾਰਾਂ ਸਿੱਖਿਆ ਤੇ ਇਸ ਲਈ ਧਿਆਨ ਨਹੀਂ ਦੇ ਰਹੀਆਂ ਕਿ ਫਿਰ ਨੌਕਰੀਆਂ ਲਈ ਸਾਡੀ ਗਲ ਫਾਹਾ ਦੇਣਗੇ ।ਜੋ ਪੈਸਾ ਸਰਕਾਰਾਂ ਦੀ ਗੀਝੇ ਵਿੱਚ ਜਾਂਦਾ ਹੈ, ਉਹ ਪੈਸਾ ਇਨ੍ਹਾਂ ਨੂੰ ਤਨਖਾਹਾਂ ਦੇ ਰੂਪ ਵਿੱਚ ਦੇਣਾ ਪਵੇਗਾ।

ਸਿਹਤ ਵਿਭਾਗ ਵੀ ਕੋਈ ਦੁੱਧ ਧੋਤਾ ਨਹੀਂ ਹੈ, ਦਿਨੋ ਦਿਨ ਨਿਘਰਦਾ ਜਾ ਰਿਹਾ ਹੈ ।ਸਭ ਤੋਂ ਵੱਧ ਕੈਂਸਰ ਤੇ ਹੋਰ ਲਾ ਇਲਾਜ ਬੀਮਾਰੀਆਂ ਨੂੰ ਸਾਡੇ ਦੇਸ਼ ਨੇ ਘੇਰਾ ਪਾ ਲਿਆ ਹੈ। ਇਲਾਜ ਮਹਿੰਗਾ ਹੋਣ ਕਰਕੇ ਰੋਗੀ ਦੁੱਖ ਭੋਗ ਕੇ ਮਰ ਜਾਂਦੇ ਹਨ ।ਸਰਕਾਰੀ ਕਿਸੇ ਵੀ ਹਸਪਤਾਲ ਵਿਚ ਡਾਕਟਰ ਪੂਰੇ ਨਹੀਂ ਹਨ। ਪ੍ਰਾਈਵੇਟ ਹਸਪਤਾਲਾਂ ਵਿੱਚ ਡਾਕਟਰ ਪੂਰੇ ਹਨ, ਉਥੇ ਆਮ ਆਦਮੀ ਦੇ ਕੱਪੜੇ ਤੱਕ ਲਾਹ ਲਏ ਜਾਂਦੇ ਹਨ। ਹਸਪਤਾਲਾਂ ਵਿੱਚ ਸਟਾਫ਼ ਦੀ ਦੂਰ ਦੀ ਗੱਲ ਹੈ,ਆਕਸੀਜਨ ਵੀ ਪੂਰੀ ਨਹੀਂ ਹੈ ਲੋਕਾਂ ਨੂੰ ਡਰਾ ਕੇ ਸਿਆਸਤ ਕੀਤੀ ਜਾ ਰਹੀ ਹੈ । ਸਿਹਤ ਖੇਤਰ ਦਾ ਦੀਵਾਲਾ ਨਿਕਲਿਆ ਪਿਆ ਹੈ।

ਸਾਡੇ ਦੇਸ਼ ਦਾ ਹਾਲ ਦੇਖੋ ਜੋ ਆਦਮੀ ਆਪਣਾ ਘਰ ਨਹੀਂ ਸੰਭਾਲ ਸਕਿਆ ,ਉਸ ਨੂੰ ਦੇਸ਼ ਦੀ ਵਾਗਡੋਰ ਦਿੱਤੀ ਹੋਈ ਹੈ। ਨਿੱਤ ਨਵੇਂ -ਨਵੇਂ ਢੰਗ ਲੱਭ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ ।ਲੋਕਾਂ ਨੇ ਨਕਾਰੇ ਹੋਏ ਲੋਕਾਂ ਨੂੰ ਵੱਡੇ ਵਿਭਾਗਾਂ ਤੇ ਮੰਤਰੀ ਬਣਾਇਆ ਜਾ ਰਿਹਾ ਹੈ। ਇਸ ਨੂੰ ਚੰਗੇ ਦਿਨਾਂ ਦੀ ਉਮੀਦ ਕੀਤੀ ਜਾ ਰਹੀ ਹੈ ।ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋ ਰਹੀ ਹੈ ।ਸ਼ਰਾਰਤੀ ਲੋਕ ਲੱਭੇ ਨਹੀਂ ਜਾ ਰਹੇ। ਲੋਕਾਂ ਦਾ ਬਹੁਤ ਸਾਰਾ ਸਮਾਂ ਤਾਕਤ ਤੇ ਪੈਸ ਧਰਨੇ ਤੇ ਮੁਜ਼ਾਹਰਿਆਂ ਕਾਰਨ ਬਰਬਾਦ ਹੋ ਰਿਹਾ ਹੈ ।ਬੈਂਕਾਂ ਲੁੱਟੀਆਂ ਜਾ ਰਹੀਆਂ ਹਨ। ਲੌਕਰਾ ਵਿੱਚ ਪਿਆ ਸੋਨਾ ਬਿਨਾਂ ਰਜ਼ਾਮੰਦੀ ਦੇ ਵੇਚਿਆ ਜਾ ਰਿਹਾ ਹੈ ।ਨੌਜਵਾਨ ਪੁਲੀਸ ਦੀ ਗੋਲੀ ਨਾਲ ਮਰ ਰਿਹਾ ਹੈ ।ਲੁੱਟ ਖੋਹ ਦਾ ਵਰਤਾਰਾ ਆਮ ਹੋ ਰਿਹਾ ਹੈ ।ਭੂ ਮਾਫੀਆ ਆਪਣੇ ਸਮਾਨ ਅੰਤਰ ਸਰਕਾਰ ਚਲਾ ਰਿਹਾ ਹੈ ।ਕਾਨੂੰਨ ਨੇ ਕਾਲੀ ਪੱਟੀ ਬੰਨ੍ਹੀ ਹੋਈ ਹੈ। ਜਾਨਵਰ ਮਾਰਨ ਤੇ ਸਜਾ ਦਿੱਤੀ ਜਾ ਰਹੀ ਹੈ ।ਪਰ ਬੰਦੇ ਨੂੰ ਮਾਰਨ ਤੇ ਅਹੁਦੇ ਬਖ਼ਸ਼ੇ ਜਾ ਰਹੇ ਹਨ ।

ਚੋਣਾਂ ਹੁਣ ਲੜੀਆਂ ਨਹੀਂ ਜਾਂਦੀਆਂ ਲੁੱਟੀਆਂ ਜਾਂਦੀਆਂ ਹਨ। ਦੂਸਰੇ ਸੂਬਿਆਂ ਤੋਂ ਬਦਮਾਸ਼ ਲਿਆ ਕੇ ਡਰਾ ਧਮਕਾ ਕੇ ਵੋਟਾਂ ਪਵਾਈਆਂ ਜਾਂਦੀਆ ਹਨ ।ਚੋਣਾਂ ਲੜਨ ਵਾਲੀ ਥਾਂ ਤੇ ਨਸ਼ੇ ਦੇ ਲੰਗਰ ਲਾਏ ਜਾ ਰਹੇ ਹਨ । ਪੁਲੀਸ ਮੂਕ ਦਰਸ਼ਕ ਬਣ ਕੇ ਸਭ ਕੁਝ ਵੇਖ ਰਹੀ ਹੁੰਦੀ ਹੈ। ਬੋਲੀ ਦੇ ਕੇ ਵੋਟਾਂ ਖ਼ਰੀਦੀਆਂ ਜਾਂਦੀਆਂ ਹਨ ।ਹਰੇਕ ਚੋਣ ਵਿੱਚ ਗੋਲਾਬਾਰੀ ਕਤਲਾਂ ਚੋਣ ਬੂਥ ਲੁੱਟਣ ਤੇ ਡਰਾਉਣ ਧਮਕਾਉਣ ਦੀਆਂ ਘਟਨਾਵਾਂ ਆਮ ਘਟਦੀਆਂ ਰਹਿੰਦੀਆਂ ਹਨ। ਚਾਹੇ ਸਰਪੰਚ ਦੀ ਚੋਣ ਹੋਵੇ ਚਾਹੇ ਰਾਜ ਸਭਾ ਦੀ ਚੋਣਾਂ ਵਿੱਚ ਗੁੰਡਾਗਰਦੀ ਹੁੰਦੀ ਹੀ ਰਹਿੰਦੀ ਹੈ। ਸਿਆਸਤ ਸ਼ਰੀਫ ਆਦਮੀਆਂ ਲਈ ਨਹੀਂ ਹੈ ।ਸਭ ਤੋਂ ਵੱਧ ਕਰੱਪਸ਼ਨ ਕਰਨ ਵਾਲੇ ਲੋਕ ਹੀ ਚੋਣਾਂ ਜਿੱਤ ਜਾਂਦੇ ਹਨ।

ਬੇਰੁਜ਼ਗਾਰੀ ਦੀ ਭੰਨੀ ਨੌਜਵਾਨ ਪੀੜ੍ਹੀ ਡੌਂਕੀ ਲਗਾ ਕੇ ਬਾਹਰਲੇ ਦੇਸ਼ਾਂ ਵਿੱਚ ਨਿਕਲਣ ਦਾ ਯਤਨ ਕਰ ਰਹੀ ਹੈ। ਦੋ ਨੰਬਰ ਵਿਚ ਬਾਹਰ ਨਿਕਲ ਦੇ ਨੌਜਵਾਨ ਸਾਗਰਾਂ ਵਿੱਚ ਡੁੱਬ ਰਹੇ ਹਨ ।ਨਸ਼ੇ ਦੀ ਦਲਦਲ ਵਿੱਚ ਫਸ ਰਹੇ ਹਨ। ਵੱਡੀ ਗਿਣਤੀ ਵਿੱਚ ਹੁਸ਼ਿਆਰ ਮੁੰਡੇ ਕੁੜੀਆਂ ਵਿਦੇਸ਼ਾਂ ਵਿੱਚ ਪੜ੍ਹਨ ਦੇ ਬਹਾਨੇ ਜਾ ਰਹੇ ਹਨ ।ਮੋਟਾਂ ਧਨ ਸਾਡੇ ਦੇਸ਼ ਵਿੱਚੋਂ ਬਾਹਰ ਜਾ ਰਿਹਾ ਹੈ। ਬੇਰੁਜ਼ਗਾਰੀ ਦੇ ਸਤਾਏ ਨੌਜਵਾਨ ਨਸ਼ਾ ਤਸਕਰਾਂ ਦੇ ਪਿੱਛੇ ਲੱਗ ਰਹੇ ਹਨ। ਕਰੋੜਾਂ ਰੁਪਏ ਨਸ਼ੇ ਦੀ ਭੇਟ ਚੜ੍ਹ ਰਹੇ ਹਨ ।ਕਿਸੇ ਵੀ ਖੇਤਰ ਵਿੱਚ ਬਦਲਾਅ ਲਿਆਉਣ ਲਈ ਨੌਜਵਾਨੀ ਦਾ ਅਹਿਮ ਯੋਗਦਾਨ ਹੁੰਦਾ ਹੈ ।ਨੌਜਵਾਨਾਂ ਨੂੰ ਨਿਪੁੰਸਕ ਬਣਾਇਆ ਜਾ ਰਿਹਾ ਹੈ। ਵਿਰਲਾ ਹੀ ਕੋਈ ਪਰਿਵਾਰ ਅਜਿਹਾ ਹੋਵੇਗਾ ਜਿਸਨੇ ਨਸ਼ੇ ਦਾ ਸੰਤਾਪ ਨਾ ਹੰਢਾਇਆ ਹੋਵੇ ।ਬਹੁਤ ਜਿਆਦਾ ਘਰਾਂ ਵਿੱਚ ਨਸ਼ੇ ਦੀਆਂ ਮਾਰੀਆਂ ਲੋਥਾਂ ਹੀ ਸਾਹ ਲੈ ਰਹੀਆਂ ਹਨ ।ਸਿਆਸੀ ਨੇਤਾ ਤੇ ਕਰੱਪਸ਼ਨ ਅਧਿਕਾਰੀ ਲੋਕਾਂ ਦਾ ਖ਼ੂਨ ਚੂਸ ਕੇ ਧੜਾ ਧੜ ਸਵਿਸ ਬੈਂਕਾਂ ਵਿਚ ਜਮ੍ਹਾ ਕਰਵਾ ਰਹੇ ਹਨ। ਕੰਪੀਟੀਸ਼ਨ ਅਦਾਰਿਆਂ ਦੇ ਦੌਰ ਵਿੱਚ ਕਿਸੇ ਵੀ ਕਿਸਮ ਦੀ ਨੌਕਰੀ ਲੈਣ ਵਾਸਤੇ ਦਲਾਲ ਕਿਸਮ ਦੇ ਲੋਕ ਹਰੇਕ ਮੋੜ ਤੇ ਸਾਨੂੰ ਮਿਲ ਜਾਂਦੇ ਹਨ ।ਸਾਡੇ ਪੰਜਾਬ ਦੀ ਨੌਜਵਾਨ ਪੀੜ੍ਹੀ ਕਿੱਧਰ ਨੂੰ ਜਾ ਰਹੀ ਹੈ।

**ਦਵਿੰਦਰ ਖ਼ੁਸ਼ ਧਾਲੀਵਾਲ**

# ਖਾਲੀ ਹੱਥਾਂ ਦਾ ਡਰ

ਦੀਪ ਚੌਹਾਨ
ਮੋ: 9464212566

ਰਣਜੋਤ ਜਦੋਂ ਘਰ ਆਇਆ ਤਾਂ ਉਸ ਦੀ ਕੂਹਣੀ ਦੇ ਕੋਲੋਂ ਲਹੂ ਵਗ ਰਿਹਾ ਸੀ। " ਅੱਜ ਫਿਰ ਕਿਸੇ ਨਾਲ ਲੜ ਕੇ ਆਇਆ ਹੈਂ " ਉਸ ਦੀ ਮਾਂ ਨੇ ਘੂਰਦੇ ਹੋਏ ਕਿਹਾ। ਰਣਜੋਧ ਬਿਨਾਂ ਕੋਈ ਜਵਾਬ ਦਿੱਤੇ ਹੀ ਆਪਣੇ ਕਮਰੇ ਵਿੱਚ ਚਲਾ ਗਿਆ । ਥੋੜ੍ਹੀ ਦੇਰ ਬਾਅਦ ਹੀ ਮੁਹੱਲੇ ਵਿੱਚ ਰੌਲਾ ਪੈ ਗਿਆ ਕਿ ਰਣਜੋਤ ਨੇ ਮੁਹੱਲੇ ਵਿਚ ਇਕ ਮੁੰਡੇ ਦਾ ਸਿਰ ਪਾੜ ਦਿੱਤਾ ਹੈ। ਇਹ ਗੱਲ ਰਣਜੋਤ ਦੀ ਮਾਂ ਦੇ ਕੰਨਾਂ ਵਿੱਚ ਪੈਂਦਿਆਂ ਹੀ ਉਸ ਦਾ ਤ੍ਰਾਹ ਨਿਕਲ ਗਿਆ। ਉਹ ਭੱਜੀ -ਭੱਜੀ ਰਣਜੋਤ ਦੇ ਕਮਰੇ ਵਿੱਚ ਗਈ ਅਤੇ ਲੜਾਈ ਦਾ ਕਾਰਨ ਪੁੱਛਿਆ ਤਾਂ ਰਣਜੋਤ ਨੇ ਕਿਹਾ ਕਿ ਉਸ ਲੜਕੇ ਨੇ ਰਣਜੋਤ ਦੇ ਕਿਸੇ ਦੋਸਤ ਨੂੰ ਥੱਪੜ ਮਾਰਿਆ ਸੀ, ਜਿਸ ਕਾਰਨ ਜਦ ਉਸ ਨੇ ਉਸ ਲੜਕੇ ਨੂੰ ਧੱਕਾ ਮਾਰਿਆ ਤਾਂ ਉਸ ਲੜਕੇ ਦਾ ਸਿਰ ਪਾਟ ਗਿਆ ਅਤੇ ਇਸੇ ਖਿੱਚਾਧੂਹੀ ਵਿਚ ਉਸਦੀ ਆਪਣੀ ਵੀ ਕੂਹਣੀ ਉੱਤੇ ਸੱਟ ਵੱਜ ਗਈ ਸੀ। ਹੁਣ ਰਣਜੋਤ ਦੀਆਂ ਲੜਾਈਆਂ ਦੀਆਂ ਖ਼ਬਰਾਂ ਆਮ ਹੋ ਗਈਆਂ ਸਨ ।ਰੋਜ਼ ਕਿਸੇ ਨਾ ਕਿਸੇ ਗੱਲੋਂ ਉਸ ਦਾ ਉਲਾਂਭਾ ਘਰ ਆਉਂਦਾ ਹੀ ਰਹਿੰਦਾ ਸੀ ।ਬੀ. ਏ. ਦੀ ਪੜ੍ਹਾਈ ਤਾਂ ਉਹ ਪਹਿਲਾਂ ਹੀ ਵਿੱਚੇ ਛੱਡ ਚੁੱਕਾ ਸੀ, ਸਿਰ ਤੇ ਬਾਪ ਦਾ ਸਾਇਆ ਨਾ ਹੋਣ ਕਾਰਨ ਉਸ ਨੂੰ ਘਰੇ ਵੀ ਕਿਸੇ ਦਾ ਡਰ ਵੀ ਨਹੀਂ ਸੀ ਅਤੇ ਮਾਂ ਦੀ ਉਹ ਕੋਈ ਸੁਣਦਾ ਨਹੀਂ ਸੀ। ਰਣਜੋਤ ਭਾਵੇਂ ਨਸ਼ਿਆਂ ਤੋਂ ਦੂਰ ਸੀ ਪਰ ਲੜਾਈਆਂ ਝਗੜੇ ਉਸ ਲਈ ਹੁਣ ਆਮ ਜਿਹੀ ਗੱਲ ਸੀ ।ਰਣਜੋਤ ਦੀ ਮਾਂ ਨੇ ਕਈ ਵਾਰ ਉਸ ਨੂੰ ਸਮਝਾਉਣ ਦੀ ਕੋਸਸਿ ਕੀਤੀ , ਕਦੀ ਉਸ ਦੇ ਮਾਮੇ ਨੂੰ ਅਤੇ ਕਦੇ ਉਸ ਦੇ ਚਾਚਿਆਂ ਨੂੰ ਘਰ ਬੁਲਾਇਆ ਪਰ ਰਣਜੋਤ ਤੇ ਸਿਰ ਤੇ ਜੂੰ ਨਾ ਸਰਕਦੀ ।ਮੁਹੱਲੇ ਦੇ ਲੜਕੇ ਜਦ ਉਸਨੂੰ ਰਾਣਾ ਉਸਤਾਦ - ਰਾਣਾ ਉਸਤਾਦ ਕਹਿ ਕੇ ਬੁਲਾਉਂਦੇ ਤਾਂ ਉਸਦੀ ਛਾਤੀ ਹੋਰ ਚੌੜੀ ਹੋ ਜਾਂਦੀ।ਰਣਜੋਤ ਦੇ ਦੋਸਤਾਂ ਵੱਲੋਂ ਉਸ ਨੂੰ ਉਸਤਾਦ ਕਹੇ ਜਾਣ ਦਾ ਕਾਰਨ ਇਹ ਵੀ ਸੀ ਕਿ ਉਹ ਬਹੁਤ ਨਿਡਰ ਸੀ। ਉਹ ਕਦੀ ਵੀ ਡਰਦਾ ਨਹੀਂ ਸੀ ਨਾ ਕਿਸੇ ਲੜਾਈ ਤੋਂ ਅਤੇ ਨਾ ਹੀ ਉਸ ਲੜਾਈ ਦੇ ਨਤੀਜੇ ਤੋਂ । ਰਣਜੋਤ ਵੀ ਆਪਣੀ ਨਿਡਰਤਾ ਕਾਰਨ ਖੁਦ ਤੇ ਮਾਣ ਜਿਹਾ ਮਹਿਸੂਸ ਕਰਦਾ ।ਜਵਾਨੀ ਦੇ ਜੋਸ਼ ਵਿੱਚ ਉਹ ਖ਼ੁਦ ਨਹੀਂ ਜਾਣਦਾ ਸੀ ਕਿ ਉਹ ਕਿਸ ਰਸਤੇ ਵੱਲ ਤੁਰਿਆ ਜਾ ਰਿਹਾ ਸੀ ।

ਰਣਜੋਤ ਨੂੰ ਸੁਧਾਰਨ ਦੇ ਸਬ ਤਰੀਕੇ ਫੇਲ੍ਹ ਹੋ ਚੁੱਕੇ ਸਨ ਰਣਜੋਤ ਦੀ ਮਾਂ ਜਾਣਦੀ ਸੀ ਕਿ ਅਗਰ ਇਹ ਵੇਲਾ ਹੱਥੋਂ ਨਿਕਲ ਗਿਆ ਤਾਂ ਉਹ ਬਹੁਤ ਦੂਰ ਨਿਕਲ ਜਾਵੇਗਾ ਅਤੇ ਫਿਰ ਉਸ ਦਾ ਸੁਧਰਨਾ ਸ਼ਾਇਦ ਨਾਮੁਮਕਿਨ ਹੋ ਜਾਵੇਗਾ ।ਜਿਸ ਕਾਰਨ ਰਣਜੋਤ ਦੀ ਮਾਂ ਨੇ ਆਪਣੀ ਪੂਰੀ ਵਾਹ ਲਗਾ ਕੇ ਰਿਸ਼ਤੇਦਾਰ ਇਕੱਠੇ ਕਰ ਕੇ ਅਤੇ ਖੁਦ ਮਰ ਜਾਣ ਦੀਆਂ ਧਮਕੀਆਂ ਦੇ ਕੇ ਕਿਸੇ ਤਰ੍ਹਾਂ ਰਣਜੋਤ ਦਾ ਵਿਆਹ ਉਸ ਦੇ ਮਾਮੇ ਦੇ ਪਿੰਡੋਂ ਰਿੰਪੀ ਨਾਮ ਦੀ ਇੱਕ ਕੁੜੀ ਨਾਲ ਕਰਵਾ ਦਿੱਤਾ। ਵਿਆਹ ਤੋਂ ਕੁਝ ਸਮਾਂ ਬਾਅਦ ਤਕ ਰਣਜੋਤ ਅਤੇ ਰਿੰਪੀ ਦੀ ਵਧੀਆ ਨਿਭ ਰਹੀ ਸੀ, ਪਰ ਵਿਆਹ ਤੋਂ ਬਾਅਦ ਵੀ ਰਣਜੋਤ ਦੇ ਲਫੰਡਰ ਦੋਸਤ ਉਸ ਦਾ ਸਾਥ ਨਹੀਂ ਛੱਡਦੇ ਸਨ। ਜਿਸ ਕਾਰਨ ਹਾਲੇ ਵੀ ਉਸ ਦੀਆਂ ਲੜਾਈਆਂ ਦੇ ਉਲਾਂਭੇ ਘਰ ਆਉਣੇ ਬੰਦ ਨਹੀਂ ਹੋਏ ਸੀ।ਹਾਲੇ ਵੀ ਉਹ ਯਾਰਾਂ ਦੋਸਤਾਂ ਦੇ ਪਿੱਛੇ ਕਿਸੇ ਨਾ ਕਿਸੇ ਨਾਲ ਮਕਾਲ ਪਾ ਹੀ ਆਉਂਦਾ ਸੀ, ਕਿਉਂਕਿ ਡਰਨਾ ਤਾਂ ਉਸ ਨੇ ਸ਼ਾਇਦ ਕਦੇ ਸਿੱਖਿਆ ਹੀ ਨਹੀਂ ਸੀ ਅਤੇ ਇਹੀ ਗੱਲ ਉਸ ਦੀਆਂ ਲੜਾਈਆਂ ਦਾ ਕਾਰਨ ਬਣਦੀ ਸੀ।ਰਣਜੋਤ ਦੇ ਰੋਜ਼ ਦੇ ਉਲਾਂਭਿਆਂ ਤੋਂ ਰਿੰਪੀ ਵੀ ਕਾਫੀ ਪ੍ਰੇਸ਼ਾਨ ਸੀ ਅਤੇ ਉਸ ਸਮਝਾਉਂਦੀ ਰਹਿੰਦੀ ਸੀ।

ਵਿਆਹ ਤੋਂ ਇਕ ਸਾਲ ਬਾਅਦ ਰਣਜੋਤ ਦੇ ਘਰ ਲੜਕਾ ਪੈਦਾ ਹੋਇਆ। ਰਣਜੋਤ ਅਤੇ ਰਿੰਪੀ ਬਹੁਤ ਖੁਸ਼ ਸੀ।ਰਣਜੋਤ ਨੇ ਰਿੰਪੀ ਨਾਲ ਕਦੇ ਵੀ ਲੜਾਈਆਂ ਨਾ ਕਰਨ ਦਾ ਵਾਅਦਾ ਵੀ ਕੀਤਾ ਹੋਇਆ ਸੀ , ਪਰ ਰਣਜੋਤ ਇਹ ਵਾਅਦਾ ਬਹੁਤੇ ਦਿਨਾਂ ਤੱਕ ਨਿਭਾਅ ਨਾ ਪਾਇਆ।ਅੱਜ ਰਣਜੋਤ ਟਰੈਫਿਕ ਸਿਗਨਲ ਤੇ ਇਕ ਪੁਲਸ ਮੁਲਾਜ਼ਮ ਵੱਲੋਂ ਉਸ ਨੂੰ ਰੋਕੇ ਜਾਣ ਕਾਰਨ ਉਸ ਨਾਲ ਹੱਥੋਪਾਈ ਹੋ ਗਿਆ ਸੀ। ਉਸ ਦੀਆਂ ਬਦਮਾਸ਼ੀਆਂ ਦਿਨੋਂ ਦਿਨ ਵੱਧਦੀਆਂ ਜਾ ਰਹੀਆਂ ਸਨ ਤੇ ਇਨ੍ਹਾਂ ਨਾਲ ਹੀ ਵਧ ਰਹੀਆਂ ਸਨ ਰਣਜੋਤ ਅਤੇ ਰਿੰਪੀ ਦੇ ਵਿੱਚ ਦੂਰੀਆਂ। ਰਿੰਪੀ ਲੜ ਕੇ ਕਈ ਵਾਰ ਪੇਕੇ ਜਾ ਚੁੱਕੀ ਸੀ ਅਤੇ ਫਿਰ ਰਿਸ਼ਤੇਦਾਰਾਂ ਵੱਲੋਂ ਮਨਾਉਣ ਤੇ ਆਪਣੇ ਬੱਚੇ ਦੀ ਖਾਤਿਰ ਵਾਪਸ ਵੀ ਆ ਜਾਂਦੀ ਸੀ ।

ਰਣਜੋਤ ਆਪਣੇ ਬੇਟੇ ਨੂੰ ਬਹੁਤ ਪਿਆਰ ਕਰਦਾ ਸੀ।ਰਣਜੋਤ ਦਾ ਬੇਟਾ ਹਰਮਨ ਇੱਕ ਸਾਲ ਦਾ ਹੋਣ ਵਾਲਾ ਸੀ ਪਰ ਉਹ ਨਾ ਤਾਂ ਆਮ ਬੱਚਿਆਂ ਵਾਂਗੂੰ ਬੈਠ ਪਾ ਰਿਹਾ ਸੀ ਅਤੇ ਨਾ ਹੀ ਬੋਲਣ ਦੀ ਕੋਸਸਿ ਕਰ ਪਾ ਰਿਹਾ ਸੀ। ਹੁਣ ਰਣਜੋਤ ਦੀ ਮਾਂ ਦੇ ਕਹਿਣ ਤੇ ਰਣਜੋਤ ਅਤੇ ਉਸਦੀ ਪਤਨੀ ਡਿੰਪੀ ਹਰਮਨ ਨੂੰ ਦਿਖਾਉਣ ਲਈ ਸ਼ਹਿਰ ਦੇ ਵੱਡੇ ਹਸਪਤਾਲ ਵਿੱਚ ਗਏ। ਜਿੱਥੇ ਹਰਮਨ ਦੇ ਕਾਫ਼ੀ ਟੈਸਟ ਕਰਾਉਣ ਤੋਂ ਬਾਅਦ ਉਹਨਾ ਨੂੰ ਮਾਲੂਮ ਹੋਇਆ ਕਿ ਹਰਮਨ ਨੂੰ ਕਿਸੇ ਦਿਮਾਗੀ ਬਿਮਾਰੀ ਕਾਰਨ ਉਸ ਦਾ ਦਿਮਾਗੀ ਵਿਕਾਸ ਪੂਰੀ ਤਰ੍ਹਾਂ ਨਹੀਂ ਹੋ ਰਿਹਾ ਸੀ।ਇਹ ਸੁਣ ਕੇ ਰਣਜੋਤ ਅਤੇ ਰਿੰਪੀ ਦੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਨਿਕਲ ਗਈ ਸੀ। ਡਾਕਟਰਾਂ ਨੇ ਇਹ ਸਾਫ ਕਹਿ ਦਿੱਤਾ ਸੀ ਕਿ ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ ਸਿਰਫ਼ ਦਵਾਈਆਂ ਨਾਲ ਕੁਝ ਹੱਦ ਤਕ ਸੰਤੁਲਨ ਰੱਖਿਆ ਜਾ ਸਕਦਾ ਹੈ। ਰਿੰਪੀ ਨੂੰ ਜਿੱਦਾਂ ਆਪਣੀ ਪੂਰੀ ਜ਼ਿੰਦਗੀ ਹਨੇਰੇ ਵਿੱਚ ਲੰਘਦੀ ਦਿਖਣ ਲੱਗ ਪਈ ਸੀ। ਇੱਕ ਪਾਸੇ ਉਸ ਦਾ ਪਤੀ ਜੋ ਬਦਮਾਸ਼ੀਆਂ ਕਾਰਨ ਕੋਈ ਕੰਮਕਾਰ ਨਹੀਂ ਕਰਦਾ ਸੀ ਤੇ ਦੂਸਰੇ ਪਾਸੇ ਉਸ ਦਾ ਬੇਟਾ ਵੀ ਹੁਣ ਅਜਿਹੀ ਬੀਮਾਰੀ ਦਾ ਸ਼ਿਕਾਰ ਹੋ ਗਿਆ ਸੀ ਜਿਸ ਦਾ ਕੋਈ ਇਲਾਜ ਨਹੀਂ ਸੀ।

ਪਿਛਲੇ ਕੁਝ ਦਿਨਾਂ ਤੋਂ ਰਿੰਪੀ ਤੇ ਘਰ ਵਿੱਚ ਝਗੜੇ ਵਧ ਗਏ ਸਨ ਅਤੇ ਉਹ ਹੁਣ ਕਦੇ ਨਹੀਂ ਆਵਾਂਗੀ ਕਹਿ ਕੇ ਹਰਮਨ ਨੂੰ ਰਣਜੋਤ ਦੇ ਕੋਲ ਹੀ ਛੱਡ ਕੇ ਪੇਕੇ ਚਲੀ ਗਈ ਸੀ।ਰਣਜੋਤ ਨੇ ਇਸ ਵਾਰ ਕਾਫੀ ਕੋਸਸਿ ਕੀਤੀ ਕਿ ਰਿੰਪੀ ਵਾਪਿਸ ਆ ਜਾਵੇ ਪਰ ਸਾਇਦ ਇਸ ਵਾਰ ਰਿੰਪੀ ਵਾਪਸ ਨਾ ਆਉਣ ਦਾ ਪੱਕਾ ਮਨ ਬਣਾ ਕੇ ਗਈ ਸੀ।ਹੁਣ ਰਣਜੋਤ ਦਾ ਸਾਰਾ ਦਿਨ ਹਰਮਨ ਨੂੰ ਸੰਭਾਲਣ ਵਿੱਚ ਹੀ ਨਿਕਲਦਾ ਸੀ। ਹਰਮਨ ਦਾ ਇਲਾਜ, ਉਸ ਦੀਆਂ ਦਵਾਈਆਂ, ਹਸਪਤਾਲ ਲੈ ਕੇ ਆਣਾ- ਜਾਣਾ, ਇਨ੍ਹਾਂ ਸਭ ਵਿੱਚ ਘਰ ਦਾ ਖਰਚਾ ਵੀ ਵਧ ਗਿਆ ਸੀ ਅਤੇ ਜੋ ਰਣਜੋਤ ਦੀ ਮਾਂ ਦੀ ਪੈਨਸ਼ਨ ਆਉਂਦੀ ਸੀ ਉਹ ਹੁਣ ਪੂਰੀ ਨਹੀਂ ਪੈਂਦੀ ਸੀ। ਜਿਸ ਕਾਰਨ ਰਣਜੋਤ ਨੇ ਵੀ ਸ਼ਹਿਰ ਇੱਕ ਫੈਕਟਰੀ ਵਿੱਚ ਨੌਕਰੀ ਕਰਨ ਦਾ ਫੈਸਲਾ ਕੀਤਾ। ਇੰਝ ਲੱਗ ਰਿਹਾ ਸੀ ਜਿਵੇਂ ਹੁਣ ਰਣਜੋਤ ਨੇ ਆਪਣੀ ਜ਼ਿੰਦਗੀ ਆਪਣੇ ਪੁੱਤ ਹਰਮਨ ਦੇ ਨਾਮ ਲਾ ਦਿੱਤੀ ਸੀ।ਉਸ ਨੇ ਪੱਕਾ ਮਨ ਬਣਾ ਲਿਆ ਸੀ ਕਿ ਉਹ ਆਪਣੇ ਬੇਟੇ ਹਰਮਨ ਨੂੰ ਕੋਈ ਵੀ ਕਮੀ ਨਹੀਂ ਆਉਣ ਦੇਵੇਗਾ। ਹਰਮਨ ਵੀ ਆਪਣੇ ਪਿਓ ਰਣਜੋਤ ਦਾ ਕਿਤੇ ਵਿਸਾਹ ਨਹੀਂ ਖਾਂਦਾ ਸੀ।ਹੁਣ ਰਣਜੋਤ ਦਿਨ ਰਾਤ ਮਿਹਨਤ ਕਰਦਾ , ਘਰ ਆ ਕੇ ਹਰਮਨ ਨੂੰ ਦਵਾਈ ਦਿੰਦਾ ਉਸ ਨਾਲ ਖੇਡਦਾ ਥੋੜ੍ਹਾ ਥੋੜ੍ਹਾ ਉਸ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕਰਦਾ ।

ਰਣਜੋਤ ਤੇ ਇੱਕ ਹੋਰ ਦੁੱਖਾਂ ਦਾ ਪਹਾੜ ਉਦੋਂ ਟੁੱਟਿਆ ਜਦ ਅਚਾਨਕ ਇੱਕ ਦਿਨ ਉਸ ਦੀ ਮਾਂ ਸੁੱਤੀ ਹੀ ਨਾ ਉੱਠੀ। ਹੈਰਾਨੀ ਦੀ ਗੱਲ ਇਹ ਸੀ ਕਿ ਰਣਜੋਤ ਦੀ ਪਤਨੀ ਰਿੰਪੀ ਆਪਣੀ ਸੱਸ ਦੀ ਮੌਤ ਤੇ ਵੀ ਘਰ ਵਾਪਸ ਨਹੀਂ ਆਈ ਸੀ । ਮਾਂ ਦੀ ਮੌਤ ਨੇ ਰਣਜੋਤ ਦੀ ਜੀਂਦਗੀ ਤੇ ਬਹੁਤ ਗਹਿਰਾ ਅਸਰ ਕੀਤਾ ਸੀ । ਇਕ ਤਾਂ ਉਸ ਦੀ ਰਿੰਪੀ ਦੇ ਵਾਪਸ ਆਉਣ ਦੀ ਆਸ ਵੀ ਬਿਲਕੁਲ ਖਤਮ ਹੋ ਗਈ ਸੀ। ਦੂਜਾ ਉਸ ਦੀ ਗੈਰਹਾਜਰੀ ਵਿੱਚ ਹਰਮਨ ਨੂੰ ਸੰਭਾਲਣ ਵਾਲਾ ਵੀ ਕੋਈ ਨਹੀਂ ਸੀ ਅਤੇ ਮਾਂ ਦੀ ਪੈਨਸ਼ਨ ਬੰਦ ਹੋਣ ਨਾਲ ਆਮਦਨ ਦਾ ਇੱਕ ਸਾਧਨ ਵੀ ਬੰਦ ਹੋ ਗਿਆ ਸੀ। ਹੁਣ ਰਣਜੋਤ ਜਿੰਨਾ ਕਮਾਉਂਦਾ ਸ਼ਾਮ ਨੂੰ ਕੁਝ ਨਾ ਕੁਝ ਹਰਮਨ ਲਈ ਲੈ ਆਂਦਾ। ਇਹ ਸਿਲਸਿਲਾ ਕਾਫੀ ਦੇਰ ਤਕ ਚਲਦਾ ਰਿਹਾ ।ਰਣਜੋਤ ਬੜੀ ਹੀ ਮੁਸ਼ਕਿਲ ਨਾਲ ਆਪਣੇ ਘਰ ਦਾ ਖਰਚਾ ਪੂਰਾ ਕਰ ਪਾ ਰਿਹਾ ਸੀ ਕਿਉਂਕਿ ਉਸਦੀ ਕਮਾਈ ਦਾ ਕਾਫ਼ੀ ਹਿੱਸਾ ਹਰਮਨ ਦੀਆ ਦਵਾਈਆਂ ਵਿਚ ਲੱਗ ਜਾਂਦਾ ਸੀ।

ਹਰਮਨ ਪਿਛਲੇ ਕਾਫੀ ਦਿਨਾਂ ਤੋਂ ਫੁੱਟਬਾਲ ਲੈਣ ਦੀ ਜ਼ਿੱਦ ਕਰ ਰਿਹਾ ਸੀ ਪਰ ਪਿਛਲੇ ਕਾਫ਼ੀ ਦਿਨਾਂ ਤੋਂ ਕੰਮ ਕਾਰ ਨਾ ਮਿਲਣ ਕਾਰਨ ਰਣਜੋਤ ਉਸ ਨੂੰ ਹਰ ਰੋਜ ਕੋਈ ਲਾਰਾ ਲਾ ਦਿੰਦਾ। ਅੱਜ ਹਰਮਨ ਦੇ ਸਬਰ ਦੀ ਅੰਤ ਹੋ ਚੁੱਕਾ ਸੀ ਉਸ ਨੇ ਲੜਖੜਾਉਂਦੀ ਹੋਈ ਆਵਾਜ਼ ਵਿੱਚ ਰਣਜੋਤ ਨੂੰ ਕਿਹਾ ਕਿ "ਪਾਪਾ ਅਗਰ ਅੱਜ ਫੁੱਟਬਾਲ ਨਾ ਲੈ ਕੇ ਆਏ ਤਾਂ ਮੈਂ ਤੁਹਾਨੂੰ ਕਦੀ ਨਹੀਂ ਬਣਾਵਾਂਗਾ" । ਰਣਜੋਤ ਨੇ ਵੀ ਅੱਜ ਹਰਮਨ ਨਾਲ ਫੁੱਟਬਾਲ ਲਿਆਣ ਦਾ ਪੱਕਾ ਵਾਅਦਾ ਕੀਤਾ ਸੀ ਕਿਉਂਕਿ ਅੱਜ ਉਸ ਨੂੰ ਯਕੀਨ ਸੀ ਕਿ ਅੱਜ ਉਸ ਨੂੰ ਕਿਤੇ ਨਾ ਕਿਤੇ ਕੰਮ ਜ਼ਰੂਰ ਮਿਲੇਗਾ। ਪਰ ਮੀਂਹ ਪੈਣ ਕਾਰਨ ਅੱਜ ਸਾਰਾ ਦਿਨ ਉਸ ਨੂੰ ਫਿਰ ਕਿਤੇ ਕੰਮ ਨਹੀਂ ਮਿਲਿਆ ਸੀ। ਰਣਜੋਤ ਅੱਜ ਵੀ ਖਾਲੀ ਹੱਥ ਬਿਨਾਂ ਫੁੱਟਬਾਲ ਲਏ ਘਰ ਦੇ ਨਜ਼ਦੀਕ ਆ ਗਿਆ ਸੀ।ਜਦ ਉਹ ਆਪਣੇ ਘਰ ਦੇ ਦਰਵਾਜ਼ੇ ਵਿੱਚ ਪੈਰ ਰੱਖਣ ਲੱਗਾ ਤਾਂ ਉਸ ਨੂੰ ਇੱਕ ਡਰ ਜਿਹਾ ਮਹਿਸੂਸ ਹੋ ਰਿਹਾ ਸੀ ਉਸ ਤੋਂ ਲੱਗ ਰਿਹਾ ਸੀ ਕਿ ਅਗਰ ਅੱਜ ਉਹ ਬਿਨਾਂ ਫੁੱਟਬਾਲ ਲਏ ਘਰ ਵੜਿਆ ਤਾਂ ਹਰਮਨ ਉਸ ਨਾਲ ਬਹੁਤ ਜ਼ਿਆਦਾ ਨਾਰਾਜ਼ ਹੋ ਜਾਵੇਗਾ ਅਤੇ ਸ਼ਾਇਦ ਉਸ ਨੂੰ ਕਦੇ ਨਹੀਂ ਬੁਲਾਏਗਾ। ਘਰ ਦੇ ਦਰਵਾਜ਼ੇ ਕੋਲ ਖੜ੍ਹਾ ਰਣਜੋਤ ਆਪਣੇ ਇਸ ਡਰ ਨੂੰ ਇਕ ਅਜੀਬ ਜਿਹਾ ਅਹਿਸਾਸ ਸਮਝ ਕੇ ਮਹਿਸੂਸ ਕਰ ਰਿਹਾ ਸੀ, ਕਿਉਂਕਿ ਉਸ ਨੇ ਕਦੀ ਡਰਨਾ ਸਿੱਖਿਆ ਹੀ ਨਹੀਂ ਸੀ। ਅਸਲ ਵਿੱਚ ਅੱਜ ਉਸ ਨੂੰ ਇਕ ਪਿਤਾ ਬਣ ਕੇ ਮਹਿਸੂਸ ਹੋਇਆ ਸੀ ਡਰ ਹੁੰਦਾ ਕੀ ਹੈ । ਇੱਕ ਨਿਡਰ ਵਿਅਕਤੀ ਜੋ ਕਦੀ ਮੌਤ ਤੋਂ ਵੀ ਨਹੀਂ ਸੀ ਡਰਿਆ ਅੱਜ ਆਪਣੇ ਘਰ ਖਾਲੀ ਹੱਥ ਜਾਣ ਲੱਗਾ ਆਪਣੇ ਬੱਚੇ ਤੋਂ ਡਰ ਮਹਿਸੂਸ ਕਰ ਰਿਹਾ ਸੀ।

# ਸਵਾਲ ਹੀ ਸਵਾਲ ਖੜ੍ਹੇ ਨੇ

ਲੋਕਾਂ ਦੀ ਆਵਾਜ਼ ਜਦੋਂ ਦਬਾਈ ਜਾਣ ਲੱਗੇ ਅਤੇ ਆਵਾਜ਼ ਨੂੰ ਨਾ ਸੁਣਿਆ ਜਾਵੇ ਤਾਂ ਬਹੁਤ ਸਾਰੇ ਸਵਾਲ ਖੜ੍ਹੇ ਹੋ ਜਾਂਦੇ ਹਨ ।ਇਸ ਵਕਤ ਸਵਾਲ ਹੀ ਸਵਾਲ ਖੜ੍ਹੇ ਹੋ ਰਹੇ ਹਨ ।ਲੋਕ ਸੜਕਾਂ ਤੇ ਧਰਨੇ ਲਗਾਈ ਬੈਠੇ ਹਨ ਅਤੇ ਸਿਆਸਤਦਾਨਾਂ ਨੂੰ ਨਾ ਉਹ ਦਿਖਾਈ ਦੇ ਰਹੇ ਹਨ ਅਤੇ ਨਾ ਉਨ੍ਹਾਂ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਕਿਸਾਨ ਅੰਦੋਲਨ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ ।ਪਰ ਸਰਕਾਰ ਅਜੇ ਵੀ ਇਸਨੂੰ ਮੰਨਣ ਵਾਸਤੇ ਤਿਆਰ ਨਹੀਂ ਹੈ। ਪਹਿਲਾ ਸਵਾਲ ਜਹਿਨ ਵਿੱਚ ਆਇਆ ਕਿ ਸਰਕਾਰਾਂ ਕਿਵੇਂ ਬਣਦੀਆਂ ਹਨ ਅਤੇ ਕੌਣ ਬਣਾਉਂਦਾ ਹੈ ।ਜਵਾਬ ਬੜੇ ਸਪੱਸ਼ਟ ਹਨ ਕਿ ਸਰਕਾਰਾਂ ਲੋਕ ਵੋਟਾਂ ਪਾਕੇ ਚੁਣਦਾ ਹਨ ।ਮਤਲਬ ਸਰਕਾਰਾਂ ਲੋਕ ਬਣਾਉਂਦੇ ਹਨ ।ਹੈਰਾਨੀ ਵਾਲੀ ਗੱਲ ਹੈ ਕਿ ਸਾਡੀਆਂ ਚੁਣੀਆਂ ਸਰਕਾਰਾਂ,ਸਾਡੀ ਹੀ ਗੱਲ ਨਹੀਂ ਸੁਣਦੀਆਂ ।ਕਿਸਾਨ ਆਪਣੇ ਹੱਕਾਂ ਲਈ ਪਿੱਛਲੇ ਲੰਮੇ ਸਮੇਂ ਤੋਂ ਦਿੱਲੀ ਦੇ ਬਰੂਹਾਂ ਤੇ ਬੈਠੇ ਹਨ ।ਪਰ ਸਰਕਾਰ ਨੂੰ ਅਤੇ ਨੈਸ਼ਨਲ ਮੀਡੀਆ ਨੂੰ ਵਿਦੇਸ਼ਾਂ ਦੀਆਂ ਖਬਰਾਂ ਤਾਂ ਵਿਖਾਈ ਦਿੰਦੀਆਂ ਹਨ,ਪਰ ਇਹ ਕਿਸਾਨ ਵਿਖਾਈ ਨਹੀਂ ਦਿੰਦੇ ।ਪਾਣੀ ਦੀਆਂ ਬੁਛਾਰਾਂ,ਅੱਥਰੂ ਗੈਸ ਦੇ ਗੋਲੀਆਂ ਅਤੇ ਸੜਕਾਂ ਪੁੱਟਣ ਤੋਂ ਬਾਅਦ ਸਰਕਾਰਾਂ ਨੂੰ ਤਸੱਲੀ ਨਹੀਂ ਹੋਈ ।ਪੱਥਰ ਮਾਰੇ ਗਏ ਅਤੇ ਲਾਠੀਆਂ ਨਾਲ ਕੁੱਟਿਆ ਗਿਆ। ਕਿਸਾਨਾਂ ਨੇ ਸਾਰਾ ਕੁੱਝ ਸ਼ਾਂਤਮਈ ਤਰੀਕੇ ਨਾਲ ਬਰਦਾਸ਼ਤ ਕੀਤਾ ।ਪਰ ਸਵਾਲ ਇਹ ਹੈ ਕਿ ਪ੍ਰਸ਼ਾਸ਼ਨ ਨੂੰ ਲੋਕਾਂ ਦੇ ਟੈਕਸਾਂ ਨਾਲ ਬਣਾਈਆਂ ਸੜਕਾਂ ਪੁੱਟਣ ਦੀ ਕਿਹੜਾ ਕਾਨੂੰਨ ਇਜਾਜ਼ਤ ਦਿੰਦਾ ਹੈ,ਵੱਡੇ ਵੱਡੇ ਮਾਹਿਰਾਂ ਦੀ ਸਮਝੋਂ ਬਾਹਰ ਹਨ ।ਦੇਸ਼ ਦੀ ਰਾਜਧਾਨੀ ਵਿੱਚ ਜਾਣ ਲਈ ਉਸ ਦੇਸ਼ ਦੇ ਲੋਕਾਂ ਨੂੰ ਰੋਕਣਾ ਵੀ ਬਹੁਤਾ ਹਜਮ ਨਹੀਂ ਹੋਇਆ ।ਪਰ ਲੋਕਾਂ ਨੇ ਹਜਮ ਕਰ ਲਿਆ ।ਫੇਰ ਸਵਾਲ ਖੜ੍ਹਾ ਹੋਇਆ ਕਿ ਆਪਣੀਆਂ ਚੁਣੀਆਂ ਹੋਈਆਂ ਸਰਕਾਰਾਂ ਇਵੇਂ ਕਰਨ ਦਾ ਹੱਕ ਰੱਖਦੀਆਂ ਹਨ ? ਸ਼ਾਂਤਮਈ ਅੰਦੋਲਨ ਨੂੰ ਛੇੜਿਆ ਅਤੇ ਭੜਕਾਇਆ ਜਾ ਰਿਹਾ ਹੈ ।ਕਿਸਾਨਾਂ ਦੀ ਪੂਰੀ ਕੋਸ਼ਿਸ਼ ਹੈ ਕਿ ਅੰਦੋਲਨ ਸ਼ਾਂਤਮਈ ਰਹੇ ।ਪਰ ਹਾਕਮ ਸਰਕਾਰਾਂ ਦੀ ਕੋਸ਼ਿਸ਼ ਹੈ ਕਿ ਇਸ ਨੂੰ ਖੜਕਾਇਆ ਜਾਵੇ ।ਇਹ ਅੰਦੋਲਨ ਦੁਨੀਆਂ ਭਰ ਵਿੱਚ ਇਤਿਹਾਸ ਰਚ ਗਿਆ ਹੈ ।ਇੰਨਾਂ ਲੰਮਾ ਅਤੇ ਸ਼ਾਂਤਮਈ ਅੰਦੋਲਨ,ਸੰਸਾਰ ਭਰਦੇ ਲੋਕ ਵੇਖਕੇ ਹੈਰਾਨ ਹੋ ਰਹੇ ਹਨ ਅਤੇ ਅੰਦੋਲਨ ਕਿਵੇਂ ਕੀਤੇ ਜਾਂਦੇ ਹਨ ਵੀ ਸਿਖ ਰਹੇ ਹਨ ।ਲਖੀਮਪੁਰ ਖੀਰੀ(ਯੂਪੀ) ਵਿੱਚ ਜਿਸ ਤਰ੍ਹਾਂ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਗੱਡੀਆਂ ਹੇਠਾਂ ਦੇਕੇ ਦਰੜਿਆ ਗਿਆ,ਬੇਹੱਦ ਸ਼ਰਮਨਾਕ ਅਤੇ ਦੁੱਖਦਾਈ ਘਟਨਾ ਹੈ ।ਸਰਕਾਰਾਂ ਵਿੱਚ ਬੈਠੇ ਤੇ ਸਾਡੇ ਚੁਣੇ ਹੋਏ ਨੁਮਾਇੰਦੇ, ਜੇਕਰ ਅਜਿਹਾ ਕਰਨ ਲੱਗ ਗਏ ਤਾਂ ਨਤੀਜੇ ਬੇਹੱਦ ਗੰਭੀਰ ਨਿਕਲਣਗੇ ।ਇਹ ਤਾਂ 'ਖੇਤ ਨੂੰ ਵਾੜ ਖਾਣ ਵਾਲੀ ਗੱਲ,'ਹੀ ਲੱਗਦੀ ਹੈ ।ਇੱਥੇ ਸਵਾਲ ਇਹ ਵੀ ਹੈ ਕਿ ਇਹ ਸਾਰਾ ਕੁੱਝ ਸਿਆਸਤ ਦੇ ਅਪਰਾਧੀਕਰਨ ਦਾ ਨਤੀਜਾ ਕਿਉਂ ਨਾ ਸਮਝ ਲਿਆ ਜਾਵੇ ।ਕਿਸਾਨ ਰੋਸ ਪ੍ਰਦਰਸ਼ਨ ਸ਼ਾਂਤਮਈ ਤਰੀਕੇ ਨਾਲ ਲੰਮੇ ਸਮੇਂ ਤੋਂ ਕਰ ਰਹੇ ਹਨ ।ਇਹ ਉਨ੍ਹਾਂ ਨੂੰ ਹੱਕ ਹੈ ।ਇਹ ਲੋਕਤੰਤਰ ਵਿੱਚ ਕਦੇ ਵੀ ਨਹੀਂ ਹੋ ਸਕਦਾ ਕਿ ਲੋਕਾਂ ਤੇ ਜ਼ਬਰਦਸਤੀ ਕੁੱਝ ਛੋਟਿਆਂ ਜਾਵੇ ।ਜਿਵੇਂ ਦੀਆਂ ਸਥਿਤੀਆਂ ਅਤੇ ਹਾਲਾਤ ਦਿਨੋਂ ਦਿਨ ਬਣਦੇ ਜਾ ਰਹੇ ਹਨ,ਲੋਕਤੰਤਰ ਦੀਆਂ ਵੀ ਧੱਜੀਆਂ ਉਡਾਈਆਂ ਜਾ ਰਹੀਆਂ ਹਨ ।ਸੰਵਿਧਾਨ ਦੀ ਸਹੁੰ ਚੁੱਕ ਕੇ ਕੁਰਸੀਆਂ ਤੇ ਬੈਠਣ ਵਾਲੇ ਹੀ ਇਸਨੂੰ ਨਹੀਂ ਮੰਨ ਰਹੇ। ਸਵਾਲ ਸਾਡੇ ਸਾਰਿਆਂ ਤੇ ਵੀ ਹੈ ਕਿ ਅਸੀਂ ਇਵੇਂ ਦੇ ਉਮੀਦਵਾਰ ਕਿਉਂ ਅਤੇ ਕਿੰਨਾਂ ਮਜ਼ਬੂਰੀਆਂ ਵਿੱਚ ਚੁਣੇ ।ਇੰਨਾਂ ਸਵਾਲਾਂ ਦਾ ਜਵਾਬ ਆਪਣੇ ਆਪ ਕੋਲੋਂ ਲੈਣਾ ਬਹੁਤ ਜ਼ਰੂਰੀ ਹੈ ।ਜਦੋਂ ਆਪਣੇ ਆਪ ਤੋਂ ਪੁੱਛੇ ਸਵਾਲ ਦੇ ਮਿਲੇ ਜਵਾਬ ਤੇ ਗੰਭੀਰਤਾ ਨਾਲ ਵਿਚਾਰ ਕੀਤੀ ਤਾਂ ਬਹੁਤ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ ।ਜੇਕਰ ਅਜਿਹਾ ਕਰਾਂਗੇ ਤਾਂ ਬਹੁਤ ਸਾਰੇ ਸਵਾਲ ਖੜ੍ਹੇ ਨਹੀਂ ਹੋਣਗੇ ।ਪਰ ਇਸ ਵੇਲੇ ਸਾਡੀ ਬਦਕਿਸਮਤੀ ਹੀ ਹੈ ਕਿ ਸਾਡੇ ਸਾਹਮਣੇ ਸਵਾਲ ਦੇ ਬਾਅਦ ਸਵਾਲ ਅਤੇ ਫੇਰ ਸਵਾਲ ਆ ਖੜ੍ਹਾ ਹੁੰਦਾ ਹੈ।

**ਪ੍ਰਭਜੋਤ ਕੌਰ ਢਿੱਲੋਂ ਮੁਹਾਲੀ ਮੋਬਾਈਲ ਨੰਬਰ 9815030221**

# ਮਿੰਨੀ ਕਹਾਣੀ -ਕੁੱਤਿਆਂ ਤੋਂ ਵੀ ਕੁੱਤੇ....

ਸਮਾਜ ਦੇ ਵਿਚ ਅੱਜ ਵੀ ਤਾਂ ਕੁਝ ਲੋਕ ਸੁੱਤੇ ਰਹਿੰਦੇ ਨੇ,
ਇਨਸਾਨੀਅਤ ਤੇ ਦਾਗ ਜੱਗ'ਤੇ ਕੁਝ ਕੁੱਤੇ ਰਹਿੰਦੇ ਨੇ।

ਇਕ ਦਿਨ ਇਕ ਕੁੜੀ ਨੇ ਦੂਜੀ ਨੂੰ ਪੁੱਛਿਆ ਤੂੰ ਬਸਤੇ ਵਿਚ ਰੋੜੇ ਕੰਕਰ ਕਿਉਂ ਪਾ ਰਹੀ ਏ। ਤਾਂ ਦੂਜੀ ਨੇ ਉਸ ਕੁੜੀ ਨੂੰ ਕਿਹਾ ਇਸ ਗਲੀ ਦੇ ਵਿੱਚ ਕੁਝ ਕੁੱਤੇ ਨੇ,ਉਹ ਮੈਨੂੰ ਬਹੁਤ ਤੰਗ ਕਰਦੇ ਨੇ, ਜੇਕਰ ਹੁਣ ਉਹਨਾਂ ਨੇ ਮੈਨੂੰ ਤੰਗ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੈਂ ਇਹਨਾਂ ਰੋੜਿਆਂ ਨੂੰ ਆਪਣੇ ਬਚਾਅ ਲਈ ਰੱਖ ਰਹੀ ਹਾਂ।ਜਿਵੇਂ ਹੀ ਕੋਈ ਕੁੱਤਾ ਮੇਰੇ ਵੱਲ ਝਾਕਦਾ ਦਿਖਿਆ , ਮੈਂ ਉਹ ਰੋੜੇ ਮਾਰ ਕੇ ਬੱਚ ਜਾਵਾਂਗੀ। ਉਸ ਵੇਲੇ ਇਕ ਕੁੱਤੇ ਨੇ ਉਹਨਾਂ ਦੀ ਸਾਰੀ ਗੱਲ ਸੁਣੀ ਤੇ ਸਹਿਮ ਗਿਆ ਉਹ ਸੋਚ ਰਿਹਾ ਸੀ ਇਸ ਗਲੀ ਵਿਚ ਤਾਂ ਸਿਰਫ਼ ਮੈਂ ਹੀ ਕੁੱਤਾ ਹਾਂ । ਮੈਂ ਤਾਂ ਕਦੇ ਇਸ ਕੁੜੀ ਨੂੰ ਦੇਖਿਆ ਵੀ ਨਹੀਂ, ਫੇਰ ਇਹ ਝੂਠ ਕਿਉਂ ਬੋਲ ਰਹੀ ਹੈ। ਉਸਨੇ ਕੁੜੀ ਦਾ ਰਾਹ ਰੋਕਿਆ ਤੇ ਪੁੱਛਿਆ "ਮੈਂ ਤੁਹਾਨੂੰ ਇਕ ਗੱਲ ਪੁੱਛਣੀ ਹੈ , ਤੁਸੀਂ ਝੂਠ ਕਿਉਂ ਬੋਲਿਆ ਉਸ ਕੁੜੀ ਨੂੰ ,ਇਸ ਨਾਲ ਤੁਸੀਂ ਬੇਵਜਾਹ ਸਾਡੀ ਬੇਇਜ਼ਤੀ ਕੀਤੀ ।" ਤਾਂ ਕੁੜੀ ਨੇ ਕਿਹਾ "ਮੈਂ ਝੂਠ ਨਹੀਂ ਬੋਲਿਆ ਇਹ ਸੱਚ ਹੈ ।" ਪਰ ਇਸ ਗਲ਼ੀ ਵਿਚ ਸਿਰਫ਼ ਮੈਂ ਕੁੱਤਾ ਹਾਂ,ਤੇ ਮੈਂ ਤਾਂ ਤੁਹਾਨੂੰ ਪਹਿਲੀ ਵਾਰ ਦੇਖਿਆ ਰਿਹਾ ਹਾਂ।" ਕੁੜੀ ਨੇ ਕਿਹਾ "ਨਹੀਂ ਤੂੰ ਨਾਂ ਦਾ ਹੀ ਕੁੱਤਾ ਹੈ।"ਅਸਲੀ ਕੁੱਤੇ ਤਾਂ ਹੋਰ ਨੇ ,ਕੁਝ ਇਨਸਾਨ ਜੋਂ ਦਿਖਦੇ ਤਾਂ ਇਨਸਾਨਾਂ ਵਰਗੇ ਨੇ,ਅੱਖ ,ਮੂੰਹ, ਨੱਕ ਸਭ ਸਮਾਨ ।ਪਰ ਅਸਲ ਵਿੱਚ ਉਹ ਇਨਸਾਨ ਕਿ ਕੁੱਤਿਆਂ ਤੋਂ ਵੀ ਭੈੜੇ ਨੇ , ਮੈਂ ਤੇਰੀ ਨਹੀਂ ਉਹਨਾਂ ਕੁੱਤਿਆਂ ਦੀ ਗੱਲ ਕਰ ਰਹੀ ਸੀ।

**ਲੇਖਕ -ਪੂਜਾ ਪੁੰਡਰਕ ਸੰਪਰਕ- poojalovelyputt@gmail.com**

# ਮਿੰਨੀ ਕਹਾਣੀ ××ਸ਼ਗਨ ਵਾਲਾ ਲਿਫਾਫਾ

ਸਮੇਂ ਨਾਲ ਕਿਸ ਤਰਾਂ ਹਲਾਤ ਬਦਲ ਜਾਂਦੇ ਨੇ ਸੋਚਿਆ ਕੁਛ ਹੋਰ ਹੁੰਦਾ ਪਰ ਵਾਪਰ ਕੁਛ ਹੋਰ ਜਾਂਦਾ ਹੈ ।ਸੁਰੈਣਦੀਪ ਸਿੰਘ ਨੇ ਬੇਟੇ ਸ਼ਗਨ ਸਿੰਘ ਦੇ ਵਿਆਹ ਤੇ ਥੋੜੇ ਜਹੇ ਲੋਕਾਂ ਨੂੰ ਬੁਲਾਇਆ ਕਿਉਕਿ ਅਜਕੱਲ ਤਾਂ ਹਰ ਕੋਈ ਆਪਣੇ ਆਪ ਤੋ ਡਰੀ ਜਾਂਦਾ ਹੈ,ਪਰ ਫਿਰ ਵੀ 100 ਦੇ ਲਗਭਗ ਇਕੱਠ ਹੋ ਗਿਆ। ਜੇਕਰ ਕੋਰੋਨਾ ਦੇ ਡਰੋ ਕੋਈ ਨਹੀ ਆ ਸਕਿਆ ਪਰ ਉਸਨੇ ਲਿਫਾਫਾ ਜ਼ਰੂਰ ਭੇਜਿਆ। ਜਿਵੇ ਕਿਸੇ ਗਾਉਣ ਵਾਲੇ ਸਾਹਮਣੇ ਨੋਟਾ ਦਾ ਢੇਰ ਲਗ ਜਾਂਦਾ ਇਸੇ ਤਰਾਂ ਲਿਫਾਫਿਆ ਦਾ ਲਗ ਗਿਆ। ਸਾਰੇ ਸ਼ਗਨ ਵਿਹਾਰ ਕਰਕੇ ਸੁਰੈਣਦੀਪ ਸਿੰਘ ਨੇ ਸ਼ਗਨ ਦੀ ਮਾਤਾ ਨੈਣਜੀਤ ਕੌਰ ਨੂੰ ਲਿਫਾਫੇ ਖੋਲਣ ਲਈ ਬੁਲਾਇਆ ਜਿਹੜਾ ਵੀ ਖੋਲਣ ਸਾਰੇ ਖਾਲੀ ਨਿਕਲੇ ।ਸਾਰਿਆ ਨੇ ਵਧਾਈ ਲਿਖਿਆ ਤੇ ਸ਼ਗਨ ਬਾਰੇ ਆਪਣੀਆ ਮਜਬੂਰੀਆ ਲਿਖੀਆ ਪੈਸੇ ਇਸ ਕਰਕੇ ਨਹੀ ਪਾਏ ਕਹਿਦੇ ਹਨ ਕਿ ਉਹਨਾਂ ਨੂੰ ਹਥ ਲਗਾਉਣ ਨਾਲ ਵੀ ਕੋਵਿਡ 19 ਹੋ ਜਾਂਦਾ ਹੈ,ਪਰ ਇਕ ਸ਼ਗਨ ਦਾ ਲਿਫਾਫਾ ਸੀ ਜਿਸ ਵਿਚੋ 501 ਡਾਲਰ ਨਿਕਲੇ ਤੇ ਨਾਮ ਲਿਖਿਆ ਸੀ ਅਣ ਪਰਖਿਆ ਦੋਸਤ ਤੇ ਨਾਲ ਹੀ ਲਿਖਿਆ ਸੈਨਾਟਾਈਜਰ ਨਾਲ ਹਥ ਸਾਫ ਕਰ ਲੈਣਾ। ਮੇਰੇ ਕੰਵਲਿਆ ਦੋਸਤ ਕਿੰਨਾ ਚੰਗਾ ਹੁੰਦਾ ਜੇ ਤੂੰ ਬਾਕੀਆ ਦੇ ਕੰਨਾ ਵਿਚ ਵੀ ਫੂਕ ਮਾਰ ਦਿੰਦਾ।ਸੁਰੈਣਦੀਪ ਸ਼ਗਨ ਵਾਲਾ ਲਿਫ਼ਾਫ਼ਾ ਉਪਰ ਥਲੇ ਦੇਖ ਰਿਹਾ ਸੀ ਪਰ ਉਸਦੀ ਸਮਝ ਤੋ ਬਾਹਰ ਸੀ

**ਪਰਵਿੰਦਰ ਸਿੰਘ ਢਿਲੋ 516-234-8545**

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website

WWW.PREETNEWS.COM

Chief Editor
Pritpal Kaur
+1 201-312-4180

Vol 4, Issue 327

Website: www.preetnama.com Email preetnamausa@gmail.com

07 NOV TO 13 NOV, 2025




# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 327

Website: www.preetnama.com Email preetnamausa@gmail.com

07 NOV TO 13 NOV, 2025




# ਪ੍ਰੀਤ ਫੁਲਵਾੜੀ

## ਕਹਿ ਨਹੀ ਹੁੰਦਾ

ਕੀ ਆਖਾਂ ਕੁਝ ਕਹਿ ਨਹੀ ਹੁੰਦਾ
ਬਿਨਾ ਕਹੇ ਵੀ ਰਹਿ ਨਹੀ ਹੁਦਾ
ਉੱਚੇ ਮਹਿਲੀ ਨੀਹਾਂ ਵਿੱਚ ਰੇਤਾ
ਢੀਠ ਨੇ ਕੰਧਾਂ ਢਹਿ ਨਹੀ ਹੰਦਾ
ਰਾਤ ਮੁਸਾਫਰ ਦਿਨ ਮੇਰੇ ਜੋਗੀ
ਇੱਕ ਪੱਲ ਵੀ ਬਹਿ ਨਹੀ ਹੁੰਦਾ
ਸ਼ੀਸ਼ੇ ਥੀ ਇੱਕ ਪਾਗਲ ਦਿਸਦਾ
ਰਿਸਣ ਲੋਥੜੇ ਸਹਿ ਨਹੀ ਹੁੰਦਾ
ਦਿਨ ਬ ਦਿਨ ਵਧੇ ਹੋਰ ਖਿਲਾਰਾ
ਗਮ ਦਾ ਕੱਫਣ ਤਹਿ ਨਹੀ ਹੁੰਦਾ
ਲੂੰ ਲੂੰ ਵਿੱਚ ਹੈ ਕੰਡਿਆਂ ਦੀ ਮੰਡੀ
ਚੰਦਨਾਂ ਹੋਰ ਤਾਂ ਖਹਿ ਨਹੀ ਹੁੰਦਾ

**ਚੰਦਨ ਹਾਜੀਪੁਰੀਆ**
pchauhan5572@gmail.com

## ਬਾਲ ਕਵਿਤਾ ਰਿੱਛ ਦੇ ਵਾਲ ਤੇ ਮੈਂ

ਇੱਕ ਭਾਈ ਇੱਕ ਭਾਲੂ ਲੈ ਕੇ
ਸਾਡੀ ਗਲ ?ੀ ਵਿੱਚ ਆਇਆ।
ਆ ਬੈਠਾ ਵਿੱਚ ਚੌਂਕ ਦੇ ,
ਡੋਰੂ ਉਸ ਖੜਕਾਇਆ।
ਆਵਾਜ਼ ਸੁਣ ਸਭ ਵੇਖਣ ਆਏ,
ਬੰਤਾ ਤੇ ਹਰਨਾਮਾ।
ਛੋਟੇ ਜਵਾਕ ਨੂੰ ਕੁੱਛੜ ਚੁੱਕੀ ,
ਆਈ ਜਾਵੇ ਭਾਨਾ।
ਵੇਖਣ ਆਏ ਪਿੰਡ ਦੇ ਲੋਕੀ,
ਘੇਰਾ ਘੱਤ ਕੇ ਬਹਿ ਗਏ।
ਵੱਡਾ ਸਾਰਾ ਰਿੱਛ ਵੇਖ,ਬੱਚੇ
ਬੁੱਕਲਾਂ ਦੇ ਵਿੱਚ ਸਹਿ ਗਏ।
ਕੋਲ ਮਦਾਰੀ ਦੇ ਸੀ ਡੰਡਾ,
ਜਿਸ ਨਾਲ ਰਿੱਛ ਨਚਾਵੇ।
ਉਹ ਵੀ ਸੀ ਬੜਾ ਸਿਆਣਾ,
ਸਮਝ ਇਸ਼ਾਰਾ ਜਾਵੇ।
ਕਈ ਤਰਾਂ ਦੀਆਂ ਖੇਡਾਂ ਕਰਕੇ,
ਸਭ ਨੂੰ ਖੂਬ ਹਸਾਇਆ।
ਕੋਈ ਆਟਾ, ਕੋਈ ਦਾਣੇ ਲ?ਕੇ,
ਦੇਣ ਘਰਾਂ ਤੋਂ ਆਇਆ।
ਮਾਂ ਮੇਰੀ ਨੇ ਕਿਹਾ ਭਾਈ ਆਹ
ਮੁੰਡਾ ਰੋਂਦਾ ਰਹਿੰਦਾ।
ਇਹਨੂੰ ਰਿੱਛ 'ਤੇ ਝੂਟਾ ਦੇ ਦਈਏ,
ਭਾਈ ਅੱਗੋਂ ਕਹਿੰਦਾ।
ਵਾਲ ਪੁੱਟ ਕੇ ਰਿੱਛ ਦੇ ਦਿੱਤੇ ,
ਰੱਖੀਂ ਗਲ ? ਵਿੱਚ ਪਾ ਕੇ।
ਮੁੰਡਾ ਤੇਰਾ ਹੁਣ ਨੀ ਰੋਂਦਾ
ਨਜ਼ਰੋਂ ਰੱਖੂ ਬਚਾ ਕੇ।
ਏਹੋ ਜੇਹੇ ਸਮੇਂ ਉੱਦੋਂ ਸੀ
ਕਈਆਂ ਨੂੰ ਯਾਦ ਕਰਾ 'ਤੇ।
'ਪੱਤੋ' ਕਿੰਨਾਂ ਵਕਤ ਬਦਲਿਆ,
ਸਭ ਕੁੱਝ ਰੱਖ 'ਤਾ ਭੁਲਾ ਕੇ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ94658-21417**

## ਮਨ ਕੀ ਬਾਤ

ਮੋਦੀ ਤੇਰੇ ਮਨ ਕੀ ਬਾਤ ਨਾਂ ਸਾਡੇ ਮਨ ਨੂੰ ਭੋਰਾ ਵੀ ਭਾਉਂਦੀ ॥
ਵਕਤ ਮਿਲੇ ਤਾਂ ਦੱਸ ਦੇਈ ਜੀ ਡੀ ਪੀ ਕਿਉ ਥੱਲੇ ਨੂੰ ਆਉਂਦੀ॥
ਨੋਟਬੰਦੀ ਕਰ ਤੈਂ ਮਾਰਿਆ ਹਰ ਇੱਕ ਦੀ ਜੇਬ ਤੇ ਵੱਡਾ ਡਾਕਾ ,
ਪੰਦਰਾ ਲੱਖ ਦੇ ਜੁਮਲੇ ਵਾਲੀ ਬਾਤ ਹਰ ਇੱਕ ਨੂੰ ਤੜਫਾਉਂਦੀ॥
ਰੇਲ ਗੱਡੀ ਤੋਂ ਲੈ ਕੇ ਸਭ ਵੇਚਤੇ ਜਹਾਜ ਵੱਡੇ ਪੂੰਜੀਪਤੀਆ ਨੂੰ,
ਦੇਸ ਵੇਚਕੇ ਦੇਸ ਚਲਾਵੇ ਵਿਗੜੀ ਟੋਲੀ ਫਿਰੇ ਸਮਝਾਉਂਦੀਂ॥
ਮੇਰੇ ਵਤਨ ਦਾ ਅੰਨਦਾਤਾ ਰੋਲ ਦਿੱਤਾ ਦਿੱਲੀ ਦੀਆਂ ਸੜਕਾ ਤੇ॥
ਕਦੇ ਤਿੰਰਗੇ ਜਾਂ ਕਿਰਸਾਨੀ ਝੰਡੇ ਤੇ ਮਾਂ ਜੱਫੀ ਪਾ ਕੁਰਾਲਾਉਂਦੀ॥
ਬਹੁਤ ਹੋ ਗਿਆ ਜੁਲਮ ਤੇਰਾ ਖੇਡਦਾ ਫਿਰੇ ਖ਼ੂਨ ਸਾਡੇ ਦੀ ਹੋਲੀ,
ਘੜਾ ਪਾਪ ਦਾ ਭਰਿਆ ਸੁਰਜੀਤ ਕਲਮ ਉੱਚੀ ਉੱਚੀ ਗਾਉਂਦੀ॥

**ਸੁਰਜੀਤ ਫੁਲੇੜਾ**
9815533945

## ਗੀਤ

ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਭਾਰਤ ਦੇ ਸਿਰ ਉਤੇ ਤਾਜ ਜਵਾਨੀ ਗੁਰੂ ਤੇਗ ਬਹਾਦਰ ਦੀ।
ਹਿੰਦੂਆਂ ਲਈ ਕੁਰਬਾਨੀ ਦੇ ਕੇ ਹਿੰਦ ਦੀ ਚਾਦਰ ਅਖਵਾਏ।
ਧਰਮ ਜ਼ਮੀਰ ਆਜ਼ਾਦੀ ਤੇ ਬਲਸ਼ਾਲੀ ਵਾਲੇ ਜਜ਼ਬੇ ਪਾਏ।
ਸਾਰੇ ਵਿਸ਼ਵ 'ਚ ਸਬਰ ਸੰਤੋਖ ਨਿਸ਼ਾਨੀ ਗੁਰੂ ਤੇਗ਼ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਭਾਈ ਜੈਤਾ ਜੀ ਨੇ ਸੱਚੇ ਅਨੁਯਾਈ ਦੇ ਫ਼ਰਜ਼ ਨਿਭਾਏ।
ਇਸ ਕਰਕੇ ਹੀ ਰੰਘਰੇਟਾ ਗੁਰੂ ਕਾ ਬੇਟਾ ਸੀ ਕਹਿਲਾਏ।
ਇਤਿਹਾਸ 'ਚ ਇਕ ਸਾਗਰ ਵਾਂਗ ਰਵਾਨੀ ਗੁਰੂ ਤੇਗ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਭਾਈ ਦਿਆਲਾ ਇਕ ਜ਼ਮੀਰ ਸਤੀਦਾਸ ਮਤੀਦਾਸ ਬਹਾਦੁਰ।
ਸਭਨਾਂ ਅਜਬ ਸ਼ਹਾਦਤ ਪਾ ਕੇ ਕੌਮਾ ਚੋਂ ਕੱਢਿਆ ਹੈ ਡਰ।
ਗੌਰਵ ਮਈ ਇਕ ਯਾਦ ਬਣੀ ਲਾਸਾਨੀ ਗੁਰੂ ਤੇਗ ਬਹਾਦੁਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਸਿੱਖ ਇਤਿਹਾਸ 'ਚ ਮਹੱਤਵ ਪੂਰਨ ਕੇਂਦਰ ਦੀ ਕੀਤੀ ਸਿਰਜਨਤਾ।
ਜਿਸ ਵਿਚ ਸ਼ਕਤੀ ਭਗਤੀ ਵਾਲੀ ਫਿਰ ਭਰ ਦਿੱਤੀ ਸੀ ਪੂਰਨਤਾ।
ਆਨੰਦਪੁਰ ਨੇ ਹਸਤੀ ਸੀ ਪਹਿਚਾਣੀ ਗੁਰੂ ਤੇਗ਼ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਸੰਵੇਦਨ ਸ਼ੀਲ ਤਿਆਗ ਸਬਰ ਦੀ ਇਕ ਜੋਤੀ ਜਗਦੀ ਰਹਿਣੀਂ।
ਹਰਿਮੰਦਰ ਵਿਚ ਏਸੇ ਕਰਕੇ ਜੋਤ ਇਲਾਹੀ ਮਘਦੀ ਰਹਿਣੀਂ।
ਮਾਨਵ ਕਦਰਾਂ ਨੈਤਿਕਤਾ ਵਿਚ ਬਾਣੀ ਗੁਰੂ ਤੇਗ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।
ਬਾਲਮ ਜਿੱਦਾਂ ਅੰਬਰ ਦੇ ਵਿਚ ਨਿੱਤ ਹੀ ਚੜਦੇ ਚੰਨ ਸਿਤਾਰੇ।
ਏਦਾਂ ਸਦੀਆ ਤੀਕਰ ਰਹਿਣੇਂ ਇਹ ਮੰਗਲ ਮਈ ਸੰਦੇਸ਼ ਨਿਆਰੇ।
ਕੌਮਾਂ ਦੇ ਵਿਚ ਜੋਤ ਜਗੇ ਰੂਹਾਨੀ ਗੁਰੂ ਤੇਗ਼ ਬਹਾਦਰ ਦੀ।
ਸੂਰਜ ਵਾਂਗੂ ਚਮਕ ਰਹੀ ਕੁਰਬਾਨੀ ਗੁਰੂ ਤੇਗ਼ ਬਹਾਦਰ ਦੀ।

**ਬਲਵਿੰਦਰ ਬਾਲਮ ਗੁਰਦਾਸਪੁਰ**
ਮੋ. 98156-25409

## ਸਿਜਦਾ

ਮਾਨਵਤਾ ਦਾ ਆਸ਼ਕ ਸੀ ਜੋ, ਗਿਆਨੀ ਤੇ ਵਿਗਿਆਨੀ। ਗੁਰੂ ਨਾਨਕ
ਜਿਹਾ ਜੱਗ ਤੇ ਲੋਕੋ, ਮਿਲਣਾ ਨਹੀਂ ਕੋਈ ਸਾਨੀ।
ਹਿੰਦੋਸਤਾਨ ਦਾ ਚੱਪਾ-ਚੱਪਾ, ਦੇਸ਼-ਵਿਦੇਸ਼ ਸੀ ਗਾਹਿਆ। ਮਰਦਾਨੇ ਨੂੰ ਸਾਥੀ
ਲੈ ਕੇ, ਰੱਬੀ ਨਾਦ ਸੁਣਾਇਆ।
ਸੱਜਣ ਠੱਗ ਜਾਂ ਕੌਡਾ ਰਾਖਸ਼, ਜਾਂ ਫਿਰ ਵਲੀ ਕੰਧਾਰੀ।
ਲੋਕ-ਭਲਾਈ ਕਰਨ ਲੱਗੇ, ਸਭ ਭੇਖੀ ਤੇ ਹੰਕਾਰੀ।
ਕਰਮਕਾਂਡ ਤੇ ਜਾਤ-ਪਾਤ ਦਾ, ਭੇਦ ਮਿਟਾਇਆ ਬਾਬੇ।
ਲਾਲੋ ਨੂੰ ਉਸ ਗਲ਼ ਨਾਲ ਲਾਇਆ, ਭਾਗੋ ਵਰਗੇ ਜਾਗੇ।
ਮੰਗਿਆ ਸਰਬੱਤ ਦਾ ਭਲਾ, ਤੇ ਸਭ ਨੂੰ ਸੀ ਇੱਕ ਕੀਤਾ।
ਨਾਰੀ ਨੂੰ ਉੱਚ-ਰੁਤਬਾ ਦਿੱਤਾ, ਪਾਟਿਆਂ ਨੂੰ ਉਸ ਸੀਤਾ।
ਬਾਬਰ ਨੂੰ ਉਸ ਜਾਬਰ ਕਹਿ ਕੇ, ਫਿੱਟ ਲਾਹਨਤ ਸੀ ਪਾਈ।
ਗੁਰੂ ਬਾਬੇ ਦੇ ਕੌਤਕ ਅੱਜ ਤੱਕ, ਗਾਵੇ ਸੁਣੇ ਲੋਕਾਈ।
ਹਿੰਦੂ-ਮੁਸਲਿਮ ਦੱਬੇ-ਕੁਚਲੇ, ਉਸ ਲਈ ਸਨ ਇਕ ਜੈਸੇ।
ਕੁੱਲ ਦੁਨੀਆਂ ਲਈ ਅਜਬ ਬਾਤ ਹੈ, ਕੰਮ ਕੀਤੇ ਨੇ ਕੈਸੇ।
ਨਾਥਾਂ, ਪੀਰਾਂ, ਜੋਗੀਆਂ ਨੇ ਜਦ, ਸੁਣੀ ਗੁਰੂ ਦੀ ਬਾਣੀ।
ਮਿਟ ਗਈ ਹਉਮੈ ਸੀਸ ਝੁਕਾਇਆ, ਬਣ ਗਏ ਉਹਦੇ ਹਾਣੀ।
ਲਹਿਣੇ ਨੂੰ ਗੁਰੂ ਅੰਗਦ ਬਣਾ ਕੇ, ਸੌਂਪ ਦਿੱਤੀ ਗੁਰਿਆਈ।
ਪੁੱਤਰਾਂ ਨੂੰ ਇੱਕ ਪਾਸੇ ਕੀਤਾ, ਰੀਤੀ ਨਵੀਂ ਚਲਾਈ।
ਗੁਰੂ ਬਾਬੇ ਦਾ ਜਸ ਤੇ ਬਾਣੀ, ਸੁਣੀ ਬੇਟੀ ਜਦ 'ਰੂਹੀ'।
ਨਿੱਤ ਸਵੇਰੇ 'ਜਪੁਜੀ' ਪੜ੍ਹਦੀ, ਕਰਦੀ ਤੂੰ ਹੀ ਤੂੰ ਹੀ।
ਆਓ ਸਾਰੇ ਰਲ਼ ਕੇ ਆਪਾਂ, ਬਾਣੀ ਗੁਰੂ ਦੀ ਗਾਈਏ।
ਚੜ੍ਹਦੀ ਕਲਾ 'ਚ ਰਹੀਏ, ਨਾਲ਼ੇ ਸਭ ਦੀ ਖ਼ੈਰ ਮਨਾਈਏ।

**ਪ੍ਰੋ. ਨਵ ਸੰਗੀਤ ਸਿੰਘ**
**# 1, ਲਤਾ ਗਰੀਨ ਐਨਕਲੇਵ, ਪਟਿਆਲਾ-147002**
(9417692015)

## ਕਾਵਿ ਰੰਗ

***ਕਹਿਣਾ ਬੁੱਧੀਜੀਵੀਆਂ ਦਾ***

ਪਾਏ ਪਟਾਕੇ ਧੂੰਆਂ ਬਹੁਤ ਰੋਲ ? ਕੀਤਾ,
ਗਰਦ ਚੜ੍ਹੀ ਵਿੱਚ ਅਸਮਾਨ ਮੀਆਂ।
ਲੱਖਾਂ ਫੂਕ 'ਤੇ ਕਾਗਜ਼ੀ ਅੱਗ ਲਾ ਕੇ,
ਕੀਤਾ ਆਪਣਾ ਆਪ ਨੁਕਸਾਨ ਮੀਆਂ।
ਹਵਾ ਗੰਧਲੀ, ਗੰਧਲਾ ਹੋਇਆ ਪਾਣੀ,
ਬੱਚੇ, ਬੁੱਢੇ ਦਿਸਣ ਪ੍ਰੇਸ਼ਾਨ ਮੀਆਂ।
ਜਾਨੀ ਮਾਲੀ ਨੁਕਸਾਨ ਬੜਾ ਹੋਇਆ,
ਕਈ ਫੂਕੇ ਗਏ ਦੁਕਾਨ ਮਕਾਨ ਮੀਆਂ।
ਬਚਾਓ ਵਾਤਾਵਰਨ, ਕਹਿਣ ਬੁੱਧੀਜੀਵੀ ,
ਪਰ ਦਿੰਦਾ ਨੀਂ ਕੋਈ ਧਿਆਨ ਮੀਆਂ।
ਇੱਕ ਹੋਵੇ ਕਮਲਾ, ਦੇਵੇ ਸਮਝਾ ਵਿਹੜਾ,
ਕੀ ਕਮਲਿਆ ਨੂੰ ਕਹੇ ਕੋਈ ਆਣ ਮੀਆਂ।
ਜਾਨਵਰ, ਪੰਛੀ, ਬ੍ਰਿਛ ਮੁਰਝਾ ਜਾਂਦੇ,
ਦੋਸ਼ੀ ਮਨੁੱਖ ਕਰੇ ਹੈਰਾਨ ਮੀਆਂ।
ਅਸੀ ਆਖਦੇ ਕੁਦਰਤ ਕ੍ਰੋਪ ਹੋ ਗਈ,
ਉਹ ਫਿਰ ਦੇਵੇ ਕਿਵੇਂ ਵਰਦਾਨ ਮੀਆਂ।
ਨਹੀਂ ਸਮਝਦਾ ਸਮਝਾਇਆ ਕੋਈ 'ਪੱਤੋ',
ਡੰਡਾ ਦੇਵੇ ਅਕਲ ਦਾ ਦਾਨ ਮੀਆਂ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਧੰਨ ਧੰਨ ਬਾਬਾ ਨਾਨਕ ਦੇਵ ਜੀ

ਧੰਨ ਬਾਬਾ ਨਾਨਕ ਦੇਵ ਜੀ ਤੇਰੀ ਅਦੁੱਤੀ ਚੰਗਿਆਈ
ਧੰਨ ਬਾਬਾ ਨਾਨਕ ਦੇਵ ਜੀ ਤੇਰੀ ਵੱਡੀ ਕਮਾਈ।
ਧੰਨ ਬਾਬਾ ਨਾਨਕ ਦੇਵ ਜੀ ਕਿਰਤ ਦੀ ਅਲਖ ਜਗਾਈ
ਧੰਨ ਬਾਬਾ ਨਾਨਕ ਦੇਵ ਜੀ ਨਾਮ ਜਪਣ ਦੀ ਮਤ ਪਾਈ।।
ਧੰਨ ਬਾਬਾ ਨਾਨਕ ਦੇਵ ਜੀ ਵੰਡ ਛੱਕਣ ਦੀ ਸੋਝੀ ਬਣਾਈ
ਧੰਨ ਬਾਬਾ ਨਾਨਕ ਦੇਵ ਜੀ ਲੋਕਾਈ ਸਿੱਧੇ ਰਾਹ ਪਾਈ।
ਧੰਨ ਬਾਬਾ ਨਾਨਕ ਦੇਵ ਜੀ ਸੱਜਣ ਠੱਗ ਦੀ ਕੀਤੀ ਸੁਧਾਈ
ਧੰਨ ਬਾਬਾ ਨਾਨਕ ਦੇਵ ਜੀ ਸੱਚੇਸੌਦੇ ਦੀ ਪਿਰਤ ਬਣਾਈ ।।
ਧੰਨ ਬਾਬਾ ਨਾਨਕ ਦੇਵ ਜੀ ਔਰਤਾਂ ਨੂੰ ਬਖਸ਼ੀ ਵਡਿਆਈ
ਧੰਨ ਬਾਬਾ ਨਾਨਕ ਦੇਵ ਜੀ ਸਿੱਖੀ ਸਿਦਕ ਦੀ ਅਲਖ ਜਗਾਈ।
ਧੰਨ ਬਾਬਾ ਨਾਨਕ ਦੇਵ ਜੀ ਹੱਕ ਸੱਚ ਦੀ ਰਮਜ਼ ਸਮਝਾਈ
ਧੰਨ ਬਾਬਾ ਨਾਨਕ ਦੇਵ ਜੀ ਮੱਕੇ ਮਦੀਨੇ ਦਿਸ਼ਾ ਹਿਲਾਈ।।
ਧੰਨ ਬਾਬਾ ਨਾਨਕ ਦੇਵ ਜੀ ਮਰਦਾਨੇ ਤੇ ਬਾਲੇ ਸੰਗ ਨਿਭਾਈ
ਧੰਨ ਬਾਬਾ ਨਾਨਕ ਦੇਵ ਜੀ ਕੌਡੇ ਰਾਖਸ਼ ਨੂੰ ਸ਼ੁੱਧ ਮਤ ਬੁੱਧ ਪਾਈ।
ਧੰਨ ਬਾਬਾ ਨਾਨਕ ਦੇਵ ਜੀ ਖਲਕਤ ਅੰਦਰ ਤਰਕ ਦੀ
ਚਿਣਗ ਜਗਾਈ
ਧੰਨ ਬਾਬਾ ਨਾਨਕ ਦੇਵ ਜੀ ਵੇਈ ਪਾਰ ਧੁਰ ਪ੍ਰੀਤ ਬਣਾਈ।।
ਧੰਨ ਬਾਬਾ ਨਾਨਕ ਦੇਵ ਜੀ ਬਾਣੀ ਦੀ ਦਾਤ ਝੋਲੀ ਪਾਈ
ਧੰਨ ਬਾਬਾ ਨਾਨਕ ਦੇਵ ਜੀ ਵਹਿਮਾਂ ਭਰਮਾਂ ਦੀ ਨੀਂਹ ਹਿਲਾਈ।
ਧੰਨ ਬਾਬਾ ਨਾਨਕ ਦੇਵ ਜੀ ਕੁਦਰਤ ਨਾਲ ਜੋੜੀ ਲੋਕਾਈ
ਧੰਨ ਬਾਬਾ ਨਾਨਕ ਦੇਵ ਜੀ ਵਿਗਿਆਨਕ ਸੋਚ ਅਪਨਾਈ।।
ਧੰਨ ਬਾਬਾ ਨਾਨਕ ਦੇਵ ਜੀ ਪਾਂਧੇ,ਮੌਲਵੀ ਨੂੰ ਗਿਆਨ ਦੀ
ਚੇਟਕ ਲਗਾਈ
ਧੰਨ ਬਾਬਾ ਨਾਨਕ ਦੇਵ ਜੀ ਮੇਰੀਆਂ ਭੁੱਲਾਂ ਬਖਸ਼ਾਈ।
ਧੰਨ ਬਾਬਾ ਨਾਨਕ ਦੇਵ ਜੀ ਪਾਂਧਿਆਂ ਦੀ ਦੁਵਿਧਾ ਹਟਾਈ
ਧੰਨ ਬਾਬਾ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਬੇਅੰਤ ਵਧਾਈ।

**ਸੁਰਿੰਦਰਪਾਲ ਸਿੰਘ**
**ਪੰਜਾਬ।**

## ਗੁਰੂ ਨਾਨਕ ਦੇ ਪੈਰ

ਤੂੰ ਨੂਰਾਨੀ , ਚਿਹਰੇ ਵੱਲ ਕੀ ਤੱਕਦਾ ,
ਕਦੇ ਗੁਰੂ ਨਾਨਕ ਦੇ , ਪੈਰਾਂ ਵੱਲ ਵੀ ਤੱਕ ,
ਚਾਰ ਦਿਸਾਵਾਂ , ਘੁੰਮੀਆਂ ਜਿਨ੍ਹਾਂ ਨੇ
ਓਹ ਫੇਰ ਵੀ ਨਾ ਹੋਏ ,ਥੱਕ ।
ਤੂੰ ਨੂਰਾਨੀ
ਕਈ ਮਿੱਟੀਆਂ ਨੇ , ਕੀਤਾ ਗੰਦਾ
ਤੇ ਕਈ ਪਾਣੀਆਂ ਨੇ , ਧੋਇਆ
ਧੰਨ ਸੀ , ਓਹ ਮਿੱਟੀ ਪਾਣੀ
ਜਿਨ੍ਹਾਂ , ਗੁਰੂ ਨਾਨਕ ਦੇ ਪੈਰਾਂ ਨੂੰ ਛੋਹਿਆ
ਜਿਊਂਦੇ ਨੇ , ਓਹ ਵਿਚ ਬ੍ਰਹਿਮੰਡ ਦੇ
ਬਣ ਬਣ , ਕਈ ਓਹ ਲੱਖ ।
ਤੂੰ ਨੂਰਾਨੀ
ਠੇਡੇ ਖਾਦੇ , ਕਈ ਪੱਥਰਾਂ ਤੋਂ
ਪੈਰੀਂ ਕੰਡੇ ਚੁਭੇ , ਕਈ ਹਜਾਰ
ਚਲਦੇ ਰਹੇ , ਵੱਲ ਮੰਜਲਿ ਦੇ
ਕਹਿ , ਇਕੋ ਹੈ ਨਿਰੰਕਾਰ
ਹਰ ਪਾਸੇ , ਬਸ ਓਹੀ ਵਸਦਾ
ਜਾ ਮੱਕੇ ਕੱਢਿਆ ਸੱਕ ।
ਤੂੰ ਨੂਰਾਨੀ
ਜਿਥੇ ਗੁਰੂ ਨਾਨਕ ਜੀ ,ਜਨਮ ਲਿਆ
ਨਨਕਾਣਾ ਸਾਹਿਬ ਹੈ , ਲੋਕੋ ਧੰਨ
ਹਲ ਚਲਾਇਆ , ਗੁਰੂ ਨਾਨਕ ਜੀ
ਕਰ ਖੇਤੀ , ਉਗਾਇਆ ਲੋਕੋ ਅੰਨ
ਉਸ ਮਿੱਟੀ ਨੂੰ , ਮੈਂ ਸਿਜਦਾ ਕਰਦਾ
ਮੱਥੇ ਲਾਵਾਂ , ਮੈਂ ਓਹਨੂੰ ਚੱਕ ।
ਤੂੰ ਨੂਰਾਨੀ ਕੌਡੇ ਰਾਕਸ , ਕਈ ਵਲੀ
ਕੰਧਾਰੀ
ਬਾਬੇ ਸਿੱਧੇ ਰਾਹ ਸੀ ਪਾਏ ,
ਆਪਣੀ , ਤੁਸੀਂ ਕਰੋ ਨੇਕ ਕਮਾਈ
ਕਈ ਮਲਕ , ਸੱਜਣ ਜਹੇ ਸਮਝਾਏ
ਹੈਰਾਨ ਹੋਇਆ , ਬਾਬਰ 'ਦਰਦੀ'
ਆਪੇ ਚਲਦੇ , ਦੇਖ ਚੱਕੀ ਦੇ ਚੱਕ ।
ਤੂੰ ਨੂਰਾਨੀ

**ਸਵਿਨਾਥ ਦਰਦੀ**
**ਸੰਪਰਕ :- 98551/ 55392**

## ਗੁਰੂ ਨਾਨਕ

ਬਾਣੀ ਧੁਰ ਕੀ ਧੁਰ 'ਚੋ ਅਗੰਮੀ ਜਦੋਂ ਆਉਂਦੀ ਸੀ ,
ਉਸ ਬਾਣੀ ਨੂੰ ਗਾਉਣ ਵਾਲਾ ਸਾਜ਼ ਬਣਿਆ ਨਾਨਕ ...
ਉਦਾਸੀਆਂ ਵਿੱਚ ਸੱਚ ਦਾ ਉਪਦੇਸ਼ ਦੇ ਕੇ ,
ਹਰ ਪੰਛੀ ਤੇ ਪ੍ਰਦੇਸੀ ਦੀ ਪਰਵਾਜ਼ ਬਣਿਆ ਨਾਨਕ ...
ਹਰ ਧਰਮ ਵਿੱਚ ਸੀ ਬਹੁਤ ਕੁਰੀਤੀਆਂ ਤੇ ਬੁਰਾਈਆਂ ,
ਉਹਨਾਂ ਵਿਰੁੱਧ ਅਵਾਜ਼ ਬੁਲੰਦ ਕਰਨ ਵਾਲਾ
ਪਹਿਲਾ ਆਗਾਜ਼ ਬਣਿਆ ਨਾਨਕ...
ਮਰਦਾਨੇ ਨੇ ਰਬਾਬ ਦੀ ਤਾਰ ਛੇੜੀ ,
ਇਕ ਓਅੰਕਾਰ ਦੀ ਧੁਨ ਵਿੱਚ
ਸਭ ਦੇ ਸਿਰ ਦਾ ਤਾਜ ਬਣਿਆ ਨਾਨਕ ...
ਹੱਕ ਤੇ ਹਲਾਲ ਦੀ ਪਰਖ ਓਹਨੇ ਕੀਤੀ ,
ਦੁਨੀਆਂ ਵਿੱਚ ਕਲਯੁਗ ਦਾ ਜਹਾਜ ਬਣਿਆ ਨਾਨਕ ...
ਰਾਜੇ ਬਣ ਕਸਾਈ ਪਾਪ ਕਮਾਉਂਦੇ ਸੀ ਜਦੋਂ ,
"ਸਰਬਜੀਤ" ਉਦੋਂ ਮਜ਼ਲੂਮਾਂ ਤੇ
ਗਰੀਬਾਂ ਦੀ ਅਵਾਜ਼ ਬਣਿਆ ਨਾਨਕ ...

**ਸਰਬਜੀਤ ਸਿੰਘ ਮਹਿਣਾ**
**ਮੋਬਾਇਲ-** 76967-08575

## ਕੰਗਣਾ

ਕਦੇ ਇਤਿਹਾਸ ਫਰੋਲ ਕੇ ਵੇਖ ਕੰਗਣਾ ਤੂੰ,
ਬੜੇ ਕੱਬੇ ਸੁਭਾਅ ਨੇ ਇਹਨਾ ਪੰਜਾਬੀਆ ਦੇ॥
ਇਹ ਨਾ ਸਮਝੀ ਰਾਂਝਿਆ ਘਰੋ ਨਿਕਲਣਾ ਨਹੀਂ ,
ਤਾਹਨੇ ਸੁਣਕੇ ਤੇਰੇ ਜਿਹੀਆ ਭਾਬੀਆ ਦੇ ॥
ਕਦੇ ਪੁੱਛ ਜਾਕੇ ਲੰਡਨ ਦੇ ਗੋਰਿਆ ਤੋਂ,
ਕਿੱਡੇ ਜਿਗਰੇ ਇਹਨਾ ਨਬਾਬੀਆ ਦੇ ॥
ਸਾਡੀ ਅਣਖ ਵੰਗਾਰਕੇ ਸੁੱਕਾ ਨਾ ਜਾਣ ਦੇਈਏ,
ਥੱਲੇ ਪੱਟ ਦੇਣੇ ਅਸੀ ਗੁਰਗਾਬੀਆ ਦੇ॥
ਡਾਕਟਰ ਗਿਣਦੇ ਸੀ ਉਦੋ ਛੇਕ ਰਹਿਗੇ,
ਨਿਸਾਨ ਦਿਸਦੇ ਸੇਰਾ ਦੀਆਂ ਬਾਘੀਆ ਦੇ॥
ਸੁਰਜੀਤ ਤੱਤੇ ਖ਼ੂੰਨ ਨੂੰ ਠਾਰਦੇ ਬਰਫ ਵਾਂਗੂੰ,
ਖੰਭ ਕੁਤਰਨੇ ਆਉਦੇ ਸਾਨੂੰ ਮੁਰਗਾਬੀਆ ਦੇ ॥

**ਸੁਰਜੀਤ ਫੁਲੇੜਾ**
9815533945

## ਇਕ ਸਾਵਣ ਹੋਰ

ਮੇਰੇ ਦਿਲ ਦੇ ਵਿਹੜੇ ਵਿਚ
ਇਕ ਖ਼ੁਸ਼ਬੂ ਜਿਹੀ ਘੁਲ਼ ਗਈ ਸੀ
ਜਦੋਂ ਰਾਹ 'ਚੋਂ ਲੰਘਦਿਆਂ
ਤੇਰੀ ਹੁਸੀਨ ਜ਼ੁਲਫ਼ ਖੁੱਲ੍ਹ ਗਈ ਸੀ
ਕਈ ਖ਼ੂਬਸੂਰਤ ਚਿਹਰਿਆਂ ਦੇ ਅਰਮਾਨ ਰੁਲ਼ ਗਏ
ਤੇਰੀ ਸੁੰਦਰਤਾ ਦੇ ਰਾਜ਼ ਖੁੱਲ੍ਹ ਗਏ
ਇਸਤੋਂ ਪਹਿਲਾਂ ਕਿ ਵਰ੍ਹਦੀ ਕੋਈ ਬੱਦਲੀ
ਪਹਿਲਾਂ ਤੂੰ ਵਰ੍ਹ ਗਈਓਂ
ਆਸ਼ਕਾਂ ਦੇ ਦਿਲਾਂ ਨੂੰ
ਜਲ ਥਲ ਕਰ ਗਈਓਂ

**ਐੱਨ. ਚੰਦੀ**
91-98557-71166

## ਸੱਚ ਬੋਲ ਕੇ ਠੋਕਰ

ਲੋੜ ਤੋਂ ਵੱਧ ਤੂੰ ਮੰਗੀ ਕਦੇ ਦਾ ,
ਜੇ ਲੋੜ ਹੋਵੇ ਤਾਂ ਸੰਗੀ ਕਦੇ ਨਾ ।
ਜੇ ਵਾਹ ਪੈ ਗਿਆ ਤੰਗੀ ਨਾਲ ਤੇਰਾ ,
ਐਵੇਂ ਖੁਦ ਨੂੰ ਸੂਲੀ ਟੰਗੀ ਕਦੇ ਨਾ ।
ਉਸ ਦਾ ਭਾਣਾ ਮੰਨ ਲਈ ਮਿੱਠੜਾ ,
ਜੋ ਵੀ ਕਰਦਾ ਕਰਦੈਂ "ਰੱਬ "ਡਾਹਢਾ ।
ਮੈਂ ਸੱਚ ਬੋਲ ਕੇ ਠੋਕਰ ਤਾਂ, ਕਈ ਵਾਰੀ ਖਾਧੀ ਆ ,
ਪਰ ਝੂਠ ਬੋਲ ਕੇ ਕਦੇ, ਕਿਸੇ ਦਾ ਹੱਕ ਨਹੀਂ ਖਾਧਾ ।
ਨਾ ਮੈਲੀ ਅੱਖ ਨਾ ਤੱਕੀ ਕਿਸੇ ਨੂੰ,
ਧੌਖੇ ਵਿੱਚ ਨਾ ਰੱਖੀ ਕਿਸੇ ਨੂੰ।
ਤੂੰ ਜਿੰਦਗੀ ਦੇ ਦਈ ਖ਼ੂਨ ਡੋਲ ਕੇ,
ਪਰ ਕਫਨ ਨਾਲ ਨਾ ਢੱਕੀ ਕਿਸੇ ਨੂੰ।
ਤੂੰ ਇਹ ਨਾ ਸੋਚੀ ਮੈ ਕਿਉ ਹੋਵਾ ?
ਜੇ ਉਹ ਕਦੇ ਨੀ ਹੋਇਆ ਸਾਡਾ।
ਮੈ ਸੱਚ ਬੋਲ ਕੇ ਠੋਕਰ ਤਾ, ਕਈ ਵਾਰੀ ਖਾਦੀ ਆ,
ਪਰ ਝੂਠ ਬੋਲਕੇ ਕਦੇ ,ਕਿਸੇ ਦਾ ਹੱਕ ਨਹੀਂ ਖਾਧਾ।

**ਲੇਖਕ- ਮਨਦੀਪ ਖਾਨਪੁਰੀ**
**ਮੋਬਾਇਲ ਨੰ** .9779179060

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 327

Website: www.preetnama.com Email preetnamausa@gmail.com

07 NOV TO 13 NOV, 2025




# Preetnama

Khara Sach

ਪ੍ਰੀਤਨਾਮਾ
ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 327

Website: www.preetnama.com Email preetnamausa@gmail.com

07 NOV TO 13 NOV, 2025



No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com